DHCS | Medi-Cal Dental

smile, CALIFORNIA™
MEDI-CAL HAS DENTAL COVERED

ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼

Medi-Cal ਡੈਂਟਲ ਮੈਂਬਰ ਹੈਂਡਬੁੱਕ

2023

Table of Contents

ਜਾਣ-ਪਛਾਣ 1

California Medi-Cal ਡੈਂਟਲ ਪ੍ਰੋਗਰਾਮ 2

ਔਨਲਾਈਨ ਜਾਣਕਾਰੀ ਅਤੇ ਸੰਸਾਧਨ 3

ਸਾਨੂੰ ਸੰਪਰਕ ਕਿਵੇਂ ਕਰਨਾ ਹੈ 5

ਭਾਸ਼ਾ ਸਹਾਇਤਾ 6

ਅਧਿਕਾਰਤ ਨੁਮਾਇੰਦਾ 7

Medi-Cal ਦੇ ਅਧੀਨ ਡੈਂਟਲ ਸੇਵਾਵਾਂ ਦੀ ਵਰਤੋਂ ਕਰਨਾ 8

Medi-Cal ਡੈਂਟਲ ਫਾਇਦੇ 9

Medi-Cal ਡੈਂਟਲ ਪ੍ਰਦਾਤੇ 11

ਡੈਂਟਲ ਦੇਖਭਾਲ ਪ੍ਰਾਪਤ ਕਰਨਾ 12

ਡੈਂਟਲ ਸੇਵਾਵਾਂ ਦੀ ਲਾਗਤ 16

ਆਵਾਜਾਈ ਅਤੇ ਹੋਰ ਸੇਵਾਵਾਂ 19

ਮਾਮਲੇ ਦਾ ਪ੍ਰਬੰਧ ਕਰਨਾ 21

ਸ਼ਿਕਾਇਤ ਪ੍ਰਕਿਰਿਆ 22

ਰਾਜ ਦੀ ਸੁਣਵਾਈ ਪ੍ਰਕਿਰਿਆ 32

ਡੈਂਟਲ ਸ਼ਰਤਾਂ ਅਤੇ ਹੋਰ ਪਰਿਭਾਸ਼ਾਵਾਂ 34

ਤੁਹਾਡੇ ਅਧਿਕਾਰ ਅਤੇ ਜ਼ੁੰਮੇਵਾਰੀਆਂ 37

ਤੁਹਾਡੀ ਗੋਪਨੀਯਤਾ ਸਾਡੇ ਲਈ ਮਹੱਤਵਪੂਰਨ ਹੈ 38

ਜਾਣ-ਪਛਾਣ

ਸਾਨੂੰ ਤੁਹਾਨੂੰ ਇਹ Medi-Cal ਡੈਂਟਲ ਮੈਂਬਰ ਹੈਂਡਬੁੱਕ (ਹੈਂਡਬੁੱਕ) ਪ੍ਰਦਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ। ਇਹ ਹੈਂਡਬੁੱਕ ਤੁਹਾਡੇ ਡੈਂਟਲ ਫਾਇਦੀਆਂ, ਇਹ ਪ੍ਰੋਗਰਾਮ ਕਿਵੇਂ ਕੰਮ ਕਰਦਾ ਹੈ, ਅਤੇ ਤੁਸੀਂ ਦੰਦਾਂ ਦੀ ਦੇਖਭਾਲ ਕਿਵੇਂ ਪ੍ਰਾਪਤ ਕਰ ਸਕਦੇ ਹੋ, ਬਾਰੇ ਸਮਝਾਏਗੀ।

ਤੁਹਾਡੇ ਮੂੰਹ ਦੀ ਸਿਹਤ ਤੁਹਾਡੀ ਸਮੁੱਚੀ ਸਿਹਤ ਦਾ ਇੱਕ ਮਹੱਤਵਪੂਰਨ ਹਿੱਸਾ ਹੈ। Medi-Cal ਡੈਂਟਲ ਪ੍ਰੋਗਰਾਮ ਤੁਹਾਡੇ ਦੰਦਾਂ ਨੂੰ ਸਿਹਤਮੰਦ ਰੱਖਣ ਲਈ ਕਈ ਸੇਵਾਵਾਂ ਨੂੰ ਕਵਰ ਕਰਦਾ ਹੈ। ਤੁਸੀਂ ਆਪਣੇ Medi-Cal ਡੈਂਟਲ ਫਾਇਦੀਆਂ ਦਾ ਵੱਧ ਤੋਂ ਵੱਧ ਲਾਹਾ ਲੈ ਸਕਦੇ ਹੋ ਜਦੋਂ ਤੁਸੀਂ:

- ਆਪਣੀਆਂ ਲੋੜੀਂਦੀਆਂ ਕਵਰ ਕੀਤੀਆਂ ਸੇਵਾਵਾਂ ਨੂੰ ਪ੍ਰਾਪਤ ਕਰਨ ਲਈ Medi-Cal ਡੈਂਟਲ ਪ੍ਰਦਾਤੇ ਨੂੰ ਮਿਲਦੇ ਹੋ।
- ਆਪਣੇ Medi-Cal ਡੈਂਟਲ ਪ੍ਰਦਾਤੇ ਨੂੰ ਨਿਯਮਿਤ ਆਧਾਰ 'ਤੇ ਮਿਲਦੇ ਹੋ, ਭਾਵੇਂ ਕਿ ਤੁਹਾਨੂੰ ਆਪਣੇ ਦੰਦਾਂ ਦੇ ਨਾਲ ਕੋਈ ਸਮੱਸਿਆ ਨਹੀਂ ਹੈ।
- ਦੰਦਾਂ ਦੀ ਦੇਖਭਾਲ ਬਾਰੇ ਆਪਣੇ Medi-Cal ਡੈਂਟਲ ਪ੍ਰਦਾਤੇ ਦੀ ਸਲਾਹ ਮੰਨਦੇ ਹੋ (ਜਿਵੇਂ ਕਿ ਬੁਰਸ਼ ਕਰਨਾ ਅਤੇ ਫਲੋਸਿੰਗ)।

ਕਿਰਪਾ ਕਰਕੇ ਇਸ ਹੈਂਡਬੁੱਕ ਨੂੰ ਪੂਰੀ ਤਰ੍ਹਾਂ ਅਤੇ ਧਿਆਨ ਨਾਲ ਪੜ੍ਹੋ। ਇਸ ਵਿੱਚ ਹੇਠ ਲਿਖੇ ਬਾਰੇ ਮਹੱਤਵਪੂਰਨ ਜਾਣਕਾਰੀ ਸ਼ਾਮਲ ਹੈ:

- Medi-Cal ਵੱਲੋਂ ਕਵਰ ਕੀਤੀਆਂ ਜਾਂਦੀਆਂ ਡੈਂਟਲ ਸੇਵਾਵਾਂ।
- ਡੈਂਟਲ ਦੇਖਭਾਲ ਕਿਵੇਂ ਪ੍ਰਾਪਤ ਕਰੀਏ।
- ਹੋਰ ਭਾਸ਼ਾਵਾਂ ਵਿੱਚ ਮਦਦ ਕਿਵੇਂ ਪ੍ਰਾਪਤ ਕਰੀਏ।
- ਤੁਹਾਡੇ ਅਧਿਕਾਰ ਅਤੇ ਜ਼ੁੰਮੇਵਾਰੀਆਂ।
- ਸ਼ਿਕਾਇਤ ਕਿਵੇਂ ਕਰੀਏ।
- Medi-Cal ਦੇ ਅਧੀਨ ਡੈਂਟਲ ਸੇਵਾਵਾਂ ਦੇ ਬਾਰੇ ਹੋਰ ਮਹੱਤਵਪੂਰਨ ਜਾਣਕਾਰੀ।

ਇਸ ਹੈਂਡਬੁੱਕ ਵਿੱਚ ਕੁਝ ਸ਼ਬਦ ਵਰਤੇ ਗਏ ਹਨ ਜਿੰਨ੍ਹਾਂ ਬਾਰੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ:

ਤੁਸੀਂ, ਤੁਹਾਡਾ/ਤੁਹਾਡੀ, ਮੇਰਾ/ ਮੇਰੀ, ਮੈਂ, ਮੈਂਬਰ	**Medi-Cal ਡੈਂਟਲ ਫਾਇਦੀਆਂ ਲਈ ਯੋਗ ਵਿਅਕਤੀ ਜਾਂ ਉਸਦਾ ਅਧਿਕਾਰਤ ਨੁਮਾਇੰਦਾ**
ਅਸੀਂ, ਸਾਡੇ, ਸਾਡਾ	**Medi-Cal ਡੈਂਟਲ ਦਾ ਹਵਾਲਾ ਦਿੰਦਾ ਹੈ**
ਤੁਹਾਡਾ ਡੈਂਟਲ ਪ੍ਰਦਾਤਾ	**ਆਪਣੀ ਡੈਂਟਲ ਦੇਖਭਾਲ ਲਈ ਤੁਹਾਡੇ ਵੱਲੋਂ ਚੁਣਿਆ Medi-Cal ਡੈਂਟਲ ਪ੍ਰਦਾਤਾ**

ਕਿਰਪਾ ਕਰਕੇ **ਡੈਂਟਲ ਸੰਬੰਧੀ ਸ਼ਬਦਾਂ ਅਤੇ ਹੋਰ ਪਰਿਭਾਸ਼ਾਵਾਂ** ਸੈਕਸ਼ਨ ਨੂੰ ਪੜ੍ਹੋ। ਇਸ ਵਿੱਚ ਕਈ ਸ਼ਬਦਾਂ ਬਾਰੇ ਦੱਸਿਆ ਗਿਆ ਹੈ ਜਿਨ੍ਹਾਂ ਦੇ Medi-Cal ਡੈਂਟਲ ਦੇ ਅਧੀਨ ਵਿਸ਼ੇਸ਼ ਜਾਂ ਤਕਨੀਕੀ ਮਤਲਬ ਨਿਕਲਦੇ ਹਨ।

California Medi-Cal ਡੈਂਟਲ ਪ੍ਰੋਗਰਾਮ

Medi-Cal California ਦੇ ਯੋਗ ਵਸਨੀਕਾਂ ਲਈ ਮੁਫ਼ਤ ਜਾਂ ਘੱਟ-ਲਾਗਤ ਵਾਲੀ ਸਿਹਤ ਸੰਭਾਲ ਅਤੇ ਡੈਂਟਲ ਫਾਇਦੀਆਂ ਦੀ ਪੇਸ਼ਕਸ਼ ਦਿੰਦਾ ਹੈ। Medi-Cal ਡੈਂਟਲ ਪ੍ਰੋਗਰਾਮ ਲਈ ਯੋਗਤਾ ਦਾ ਨਿਰਧਾਰਨ ਕਾਉਂਟੀ ਸਮਾਜਕ ਸੇਵਾਵਾਂ ਦੇ ਦਫਤਰ ਦੁਆਰਾ ਕੀਤਾ ਜਾਂਦਾ ਹੈ ਅਤੇ California ਰਾਜ ਨੂੰ ਇਸਦੀ ਸੂਚਨਾ ਦਿੱਤੀ ਜਾਂਦੀ ਹੈ। ਇਹ ਪਤਾ ਲਗਾਉਣ ਲਈ ਕਿ ਕੀ ਤੁਸੀਂ ਯੋਗ ਹੋ, ਆਪਣੇ ਸਥਾਨਕ ਕਾਉਂਟੀ ਸਮਾਜਕ ਸੇਵਾਵਾਂ ਦੇ ਦਫਤਰ ਨੂੰ ਕਾੱਲ ਕਰੋ। ਕਾਉਂਟੀ ਦਫਤਰਾਂ ਦੀ ਇੱਕ ਸੰਪੂਰਨ ਸੂਚੀ ਇੱਥੇ ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼ ਦੀ ਵੈੱਬਸਾਈਟ 'ਤੇ ਦਿੱਤੀ ਗਈ ਹੈ। ਤੁਹਾਨੂੰ ਡੈਂਟਲ ਫਾਇਦੀਆਂ ਲਈ ਵੱਖਰੇ ਤੌਰ 'ਤੇ ਅਪਲਾਈ ਕਰਨ ਦੀ ਲੋੜ ਨਹੀਂ ਹੈ।

Medi-Cal ਡੈਂਟਲ (Fee-For-Service) ਅਤੇ Dental Managed Care (ਸੈਕ੍ਰਾਮੇਂਟੋ ਕਾਉਂਟੀ ਅਤੇ ਲਾਸ ਏਂਜਿਲਸ ਕਾਉਂਟੀ)

Medi-Cal ਡੈਂਟਲ ਪ੍ਰੋਗਰਾਮ ਦੋ ਡਿਲੀਵਰੀ ਪ੍ਰਣਾਲੀਆਂ ਦਾ ਬਣਿਆ ਹੋਇਆ ਹੈ: Medi-Cal ਡੈਂਟਲ (Fee-For-Service) ਅਤੇ Dental Managed Care (ਸੈਕ੍ਰਾਮੇਂਟੋ ਕਾਉਂਟੀ ਅਤੇ ਲਾਸ ਏਂਜਿਲਸ ਕਾਉਂਟੀ)। Fee-For-Service ਅਜਿਹਾ ਤਰੀਕਾ ਹੈ ਜਿਸ ਵਿੱਚ Medi-Cal ਡਾਕਟਰਾਂ ਅਤੇ ਹੋਰ ਸਿਹਤ ਸੰਭਾਲ ਪ੍ਰਦਾਤਿਆਂ ਨੂੰ ਭੁਗਤਾਨ ਕਰਦਾ ਹੈ। Medi-Cal ਡੈਂਟਲ Fee-For-Service California ਦੀਆਂ ਜ਼ਿਆਦਾਤਰ ਕਾਉਂਟੀਆਂ ਵਿਚਲਾ ਪ੍ਰੋਗਰਾਮ ਹੈ। ਇਸ ਹੈਂਡਬੁੱਕ ਵਿਚਲੀ ਜਾਣਕਾਰੀ Medi-Cal ਡੈਂਟਲ Fee-For-Service ਦੇ ਮੈਂਬਰਾਂ ਲਈ ਹੈ।

ਜੇਕਰ ਤੁਸੀਂ ਸੈਕਰਾਮੈਂਟੋ ਕਾਉਂਟੀ ਵਿੱਚ ਰਹਿੰਦੇ ਹੋ, ਤਾਂ ਤੁਹਾਨੂੰ ਡੈਂਟਲ ਮੈਨੇਜਡ ਕੇਅਰ (DMC) ਵਿੱਚ ਦਾਖ਼ਲ ਹੋਣਾ ਹੋਵੇਗਾ ਅਤੇ ਤੁਹਾਨੂੰ ਤੁਹਾਡੇ DMC ਪਲਾਨ ਦੇ ਨੈੱਟਵਰਕ ਵਿੱਚ ਕਿਸੇ ਦੰਦਾਂ ਦੇ ਡਾਕਟਰ ਕੋਲ ਨਿਰਧਾਰਤ ਕੀਤਾ ਜਾਵੇਗਾ। ਜੇਕਰ ਤੁਸੀਂ ਲਾਸ ਏਂਜਿਲਸ ਕਾਉਂਟੀ ਵਿੱਚ ਰਹਿੰਦੇ ਹੋ, ਤਾਂ ਤੁਸੀਂ DMC ਵਿੱਚ ਭਰਤੀ ਹੋਣਾ ਜਾਂ Fee-for-Service Medi-Cal ਡੈਂਟਲ ਵਿੱਚ ਬਣੇ ਰਹਿਣਾ ਚੁਣ ਸਕਦੇ ਹੋ। ਜੇਕਰ ਤੁਸੀਂ DMC ਵਿੱਚ ਭਰਤੀ ਹੁੰਦੇ ਹੋ, ਤਾਂ ਤੁਸੀਂ ਪਲਾਨ ਚੁਣੋਗੇ ਅਤੇ ਇਹ ਪਲਾਨ ਤੁਹਾਨੂੰ ਇੱਕ ਡੈਂਟਲ ਕਾਰਡ ਅਤੇ ਤੁਹਾਡੇ ਫਾਇਦੇ ਸਬੰਧੀ ਜਾਣਕਾਰੀ ਭੇਜੇਗਾ। DMC ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ Dental Managed Care Members ਦੇ ਪੰਨੇ 'ਤੇ ਜਾਓ।

Health Plan of San Mateo (ਸੈਨ ਮਾਟੇਓ ਕਾਉਂਟੀ)

1 ਜਨਵਰੀ, 2022 ਤੋਂ ਪ੍ਰਭਾਵੀ, ਜੇਕਰ ਤੁਹਾਡਾ ਮੈਡੀਕਲ ਹੈਲਥ ਪਲਾਨ, Health Plan of San Mateo (HPSM) ਹੈ, ਤਾਂ ਤੁਸੀਂ ਆਪਣੀਆਂ ਦੰਦਾਂ ਦੀਆਂ ਸੇਵਾਵਾਂ HPSM ਤੋਂ ਪ੍ਰਾਪਤ ਕਰੋਗੇ। ਦੰਦਾਂ ਦੇ ਡਾਕਟਰ ਨੂੰ ਲੱਭਣ ਵਿੱਚ ਮਦਦ ਲਈ, ਜਾਂ ਦੰਦਾਂ ਦੀਆਂ ਸੇਵਾਵਾਂ ਲੈਣ ਵਿੱਚ ਮਦਦ ਲਈ, ਤੁਸੀਂ 1-800-750-4776 (ਟੋਲ-ਫ੍ਰੀ) (TTY 1-800-735-2929 ਜਾਂ 711) 'ਤੇ ਕਾੱਲ ਕਰ ਸਕਦੇ ਹੋ। ਤੁਸੀਂ ਹੋਰ ਜਾਣਕਾਰੀ ਲਈ HPSM ਦੀ ਵੈੱਬਸਾਈਟ www.hpsm.org/dental 'ਤੇ ਵੀ ਜਾ ਸਕਦੇ ਹੋ।

Medi-Cal ਫਾਇਦੀਆਂ ਦਾ ਪਛਾਣ ਕਾਰਡ

ਜਦੋਂ ਤੁਸੀਂ Medi-Cal ਫਾਇਦੀਆਂ ਲਈ ਯੋਗ ਬਣਦੇ ਹੋ, ਤਾਂ ਸਟੇਟ ਇੱਕ Medi-Cal ਫਾਇਦੀਆਂ ਦਾ ਪਛਾਣ ਕਾਰਡ (BIC) ਜਾਰੀ ਕਰਦਾ ਹੈ। BIC, Medi-Cal ਮੈਂਬਰਾਂ ਲਈ ਇੱਕ ਪਛਾਣ (ID) ਵਜੋਂ ਕੰਮ ਕਰਦਾ ਹੈ। ਤੁਹਾਨੂੰ ਡੈਂਟਲ ਸੇਵਾਵਾਂ ਲੈਣ ਲਈ ਆਪਣੇ ਡੈਂਟਲ ਪ੍ਰਦਾਤੇ ਨੂੰ ਆਪਣਾ BIC ਦਿਖਾਉਣਾ ਪਵੇਗਾ। ਹਾਲਾਂਕਿ, ਕਾਰਡ ਪ੍ਰਾਪਤ ਹੋਣਾ Medi-Cal ਫਾਇਦੀਆਂ ਲਈ ਯੋਗਤਾ ਦੀ ਗਾਰੰਟੀ ਨਹੀਂ ਦਿੰਦਾ।

ਸਿਰਫ਼ California Children's Services (California ਵਿੱਚ ਬੱਚਿਆਂ ਲਈ ਸੇਵਾਵਾਂ, CCS) ਦੇ ਮੈਂਬਰਾਂ ਕੋਲ 10-ਅੱਖਰਾਂ ਦੀ ਆਈਡੀ ਵਾਲਾ ਇੱਕ BIC ਹੁੰਦਾ ਹੈ। ਬਾਕੀ ਸਾਰੇ Medi-Cal ਮੈਂਬਰਾਂ ਕੋਲ 14-ਅੱਖਰਾਂ ਦੀ ਆਈਡੀ ਵਾਲਾ ਇੱਕ BIC ਹੁੰਦਾ ਹੈ। ਜੇ ਤੁਸੀਂ 14-ਅੱਖਰ ਵਾਲਾ BIC ਆਈਡੀ ਪ੍ਰਾਪਤ ਨਹੀਂ ਕੀਤਾ ਸੀ, ਤਾਂ ਆਪਣੇ ਕਾਉਂਟੀ ਦੇ ਸਮਾਜਕ ਸੇਵਾਵਾਂ ਦੇ ਦਫਤਰ ਨੂੰ ਕੱਲ ਕਰੋ।

ਜੇ ਤੁਸੀਂ ਆਪਣਾ BIC ਪ੍ਰਾਪਤ ਨਹੀਂ ਕੀਤਾ ਸੀ ਜਾਂ ਇਹ ਗੁੰਮ ਗਿਆ ਜਾਂ ਚੋਰੀ ਹੋ ਗਿਆ ਹੈ, ਤਾਂ ਤੁਸੀਂ ਆਪਣੇ ਕਾਉਂਟੀ ਦੇ ਸਮਾਜਕ ਸੇਵਾਵਾਂ ਦੇ ਦਫਤਰ ਤੋਂ ਇੱਕ BIC ਮੰਗ ਸਕਦੇ ਹੋ। ਜੇ ਤੁਹਾਡਾ BIC ਗੁੰਮ ਗਿਆ ਹੈ, ਤੁਹਾਨੂੰ ਆਪਣੀ ਸਥਾਨਕ ਪੁਲਿਸ ਅਤੇ ਤੁਹਾਡੇ ਕਾਉਂਟੀ ਦੇ ਸਮਾਜਕ ਸੇਵਾਵਾਂ ਦੇ ਦਫਤਰ ਨੂੰ ਲਾਜ਼ਮੀ ਤੌਰ 'ਤੇ ਦੱਸਣਾ ਚਾਹੀਦਾ ਹੈ। ਤੁਹਾਨੂੰ ਚੋਰੀ ਬਾਰੇ ਜਿੰਨੀ ਜ਼ਿਆਦਾ ਸੰਭਵ ਹੋਏ, ਜਾਣਕਾਰੀ ਦੇਣੀ ਚਾਹੀਦੀ ਹੈ। ਜੇ ਤੁਹਾਨੂੰ ਇੱਕ ਨਵਾਂ ਕਾਰਡ ਜਾਰੀ ਕੀਤਾ ਜਾਂਦਾ ਹੈ, ਤਾਂ ਤੁਹਾਡਾ ਪੁਰਾਣਾ ਕਾਰਡ ਹੁਣ ਜਾਇਜ਼ ਨਹੀਂ ਹੋਏਗਾ। ਕਿਰਪਾ ਕਰਕੇ ਆਪਣੇ **ਸਥਾਨਕ ਕਾਉਂਟੀ ਦਫਤਰ ਨਾਲ** ਇੱਥੇ ਸੰਪਰਕ ਕਰੋ।

ਜਾਇਜ਼ Medi-Cal ID ਕਾਰਡਾਂ ਦੀਆਂ ਉਦਾਹਰਨਾਂ ਹੇਠਾਂ ਹਨ:

BIC ਪੋਪੀ ਡਿਜ਼ਾਇਨ:

BIC ਪ੍ਰੀ-ਪੋਪੀ ਡਿਜ਼ਾਇਨ:



Medi-Cal ਪਛਾਣ ਕਾਰਡ ਦੀ ਮੁਮਕਿਨ ਯੋਗਤਾ:



ਤਤਕਾਲ ਜ਼ਰੂਰਤ ਲਈ ਕਾਰਡ:



ਔਨਲਾਈਨ ਜਾਣਕਾਰੀ ਅਤੇ ਸੰਸਾਧਨ

ਮੈਨੂੰ Medi-Cal ਡੈਂਟਲ ਜਾਣਕਾਰੀ ਕਿੱਥੇ ਮਿਲ ਸਕਦੀ ਹੈ?

ਤੁਹਾਨੂੰ ਆਪਣੇ Medi-Cal ਡੈਂਟਲ ਫਾਇਦੇ, ਕਵਰ ਕੀਤੀਆਂ ਜਾਂਦੀਆਂ ਸੇਵਾਵਾਂ ਬਾਰੇ ਜਾਣਕਾਰੀ, ਅਤੇ ਹੋਰ ਜਾਣਕਾਰੀ SmileCalifornia.org 'ਤੇ ਮੈਂਬਰ ਵੈੱਬਸਾਈਟ 'ਤੇ ਜਾ ਕੇ ਮਿਲ ਸਕਦੀ ਹੈ।

ਕੀ ਮੈਂ ਇੱਕ ਡੈਂਟਲ ਪ੍ਰਦਾਤਾ ਨੂੰ ਔਨਲਾਈਨ ਲੱਭ ਸਕਦਾ/ਸਕਦੀ ਹਾਂ?

ਹਾਂ। ਤੁਸੀਂ ਕਿਸੇ ਵੀ ਸਮੇਂ 'ਤੇ ਇੱਕ ਡੈਂਟਲ ਪ੍ਰਦਾਤਾ ਨੂੰ ਔਨਲਾਈਨ ਆਸਾਨੀ ਨਾਲ ਲੱਭ ਸਕਦੇ ਹੋ। SmileCalifornia.org ਹੋਮਪੰਨੇ ਉੱਤੇ ਇੱਕ ਦੰਦਾਂ ਦਾ ਡਾਕਟਰ ਲੱਭੋ (Find a Dentist) ਬਟਨ 'ਤੇ ਕਲਿੱਕ ਕਰੋ। ਜਾਂ, ਸਿੱਧਾ ਇੱਕ ਦੰਦਾਂ ਦਾ ਡਾਕਟਰ ਲੱਭੋ (Find a Dentist) ਪੰਨੇ 'ਤੇ ਜਾਓ ਅਤੇ ਕਿਸੇ ਵੀ ਲਿੰਕ ਉੱਤੇ ਕਲਿੱਕ ਕਰੋ। ਵਿਕਲਪ ਇਹ ਹਨ:

- ਪ੍ਰਦਾਤੇ ਦੀ ਡਾਇਰੈਕਟਰੀ ਖੋਜ – ਡੈਂਟਲ ਪ੍ਰਦਾਤਿਆਂ ਦੀ ਸੂਚੀ ਦੇਖਣ ਲਈ ਆਪਣੀ ਜਾਣਕਾਰੀ ਦਾਖ਼ਲ ਕਰੋ।
- Medi-Cal ਮੈਂਬਰਾਂ ਦੀਆਂ ਜ਼ਰੂਰਤਾਂ ਪੂਰੀਆਂ ਕਰ ਰਹੇ ਕਲੀਨਿਕ – ਕਾਉਂਟੀ ਅਤੇ ਸ਼ਹਿਰ ਅਨੁਸਾਰ ਡੈਂਟਲ ਕਲੀਨਿਕਾਂ ਦੀਆਂ ਸੂਚੀਆਂ। ਆਪਣੇ ਨਜ਼ਦੀਕ ਦੇ ਕਲੀਨਿਕ ਦਾ ਪਤਾ ਲਗਾਉਣ ਲਈ ਆਪਣੀ ਕਾਉਂਟੀ ਜਾਂ ਸ਼ਹਿਰ ਦੀ ਚੋਣ ਕਰੋ।
- ਵਿਕਲਪਿਕ ਅਭਿਆਸ ਵਿੱਚ ਪੰਜੀਕ੍ਰਿਤ ਡੈਂਟਲ ਹਾਈਜੀਨਿਸਟ (RDHAP) – ਕਾਉਂਟੀ ਅਤੇ ਸ਼ਹਿਰ ਅਨੁਸਾਰ RDHAP। ਆਪਣੇ ਨਜ਼ਦੀਕ ਇੱਕ RDHAP ਦਾ ਪਤਾ ਲਗਾਉਣ ਲਈ ਆਪਣੀ ਕਾਉਂਟੀ ਜਾਂ ਸ਼ਹਿਰ ਉੱਤੇ ਕਲਿੱਕ ਕਰੋ।
- InsureKidsNow ਖੋਜ – ਡੈਂਟਲ ਪ੍ਰਦਾਤਿਆਂ ਲਈ ਖੋਜ ਕਰਨ ਦਾ ਇੱਕ ਹੋਰ ਤਰੀਕਾ।

ਕਿਰਪਾ ਕਰਕੇ ਧਿਆਨ ਦਿਓ: ਖੋਜ ਨਤੀਜੇ ਇਹ ਗਾਰੰਟੀ ਨਹੀਂ ਦਿੰਦੇ ਕਿ Medi-Cal ਡੈਂਟਲ ਪ੍ਰਦਾਤਾ ਉਸ ਸਮੇਂ 'ਤੇ ਨਵੇਂ Medi-Cal ਮਰੀਜ਼ਾਂ ਨੂੰ ਸਵੀਕਾਰ ਕਰੇਗਾ ਜਦੋਂ ਤੁਸੀਂ ਉਹਨਾਂ ਨੂੰ ਕਾੱਲ ਕਰਦੇ ਹੋ।

ਕੀ ਇੱਥੇ ਹੋਰ ਭਾਸ਼ਾਵਾਂ ਵਿੱਚ ਔਨਲਾਈਨ ਸੋਮੇ ਉਪਲਬਧ ਹਨ?

ਹਾਂ। ਪੂਰੀ *Smile, California* ਵੈੱਬਸਾਈਟ ਅੰਗਰੇਜ਼ੀ ਵਿੱਚ SmileCalifornia.org 'ਤੇ ਅਤੇ ਸਪੈਨਿਸ਼ ਵਿੱਚ SonrieCalifornia.org 'ਤੇ ਉਪਲਬਧ ਹੈ। ਜੇਕਰ ਤੁਸੀਂ ਕੋਈ ਹੋਰ ਭਾਸ਼ਾ ਬੋਲਦੇ ਹੋ, ਤਾਂ ਵੈੱਬਸਾਈਟ ਵਿੱਚ 17 ਹੋਰ ਭਾਸ਼ਾਵਾਂ ਵਿੱਚ ਮਹੱਤਵਪੂਰਨ Medi-Cal ਸੋਮੇ ਮੌਜੂਦ ਹਨ। ਆਪਣੀ ਭਾਸ਼ਾ ਲੱਭਣ ਲਈ ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰੋ:

1. **ਗਲੋਬ ਆਈਕਨ 'ਤੇ** ਕਲਿੱਕ ਕਰੋ। ਤੁਸੀਂ ਇਸਨੂੰ *Smile, California* ਦੀ ਵੈੱਬਸਾਈਟ ਦੇ ਉੱਪਰਲੇ ਸੱਜੇ ਕੋਨੇ ਵਿੱਚ ਪਾਓਗੇ।
2. **ਡ੍ਰੌਪ-ਡਾਉਨ ਤੋਂ ਇੱਕ** ਭਾਸ਼ਾ ਚੁਣੋ।



3. **ਵੈੱਬਪੇਜ ਦੀ** ਪੜਚੋਲ ਕਰੋ!
    - ਇਸ ਬਾਰੇ ਜਾਣਕਾਰੀ ਪ੍ਰਾਪਤ ਕਰੋ:
        - Medi-Cal ਡੈਂਟਲ ਪ੍ਰੋਗਰਾਮ
        - 'ਇੱਕ ਡੈਂਟਿਸਟ ਲੱਭੋ' ਸਰਚ ਟੂਲ
        - ਟੈਲੀਫ਼ੋਨ ਸੇਵਾ ਕੇਂਦਰ
    - ਆਪਣੀ ਭਾਸ਼ਾ ਵਿੱਚ ਸੋਮੇ ਖੋਜੋ, ਜਿਸ ਵਿੱਚ ਸ਼ਾਮਲ ਹਨ:
        - *Smile, California* ਆਊਟਰੀਚ ਅਤੇ ਵਿੱਦਿਅਕ ਸਮੱਗਰੀ
        - ਆਮ ਸਵਾਲ ਅਤੇ ਜਵਾਬ
        - ਮੈਂਬਰ ਹੈਂਡਬੁੱਕ

Smile, California ਵੈੱਬਸਾਈਟ 'ਤੇ ਕਿਹੜੀ ਜਾਣਕਾਰੀ ਮਿਲਦੀ ਹੈ?

Smile, California ਵੈੱਬਸਾਈਟ ਨੂੰ ਵਰਤਣਾ ਸੌਖਾ ਹੈ ਅਤੇ ਇਸ ਵਿੱਚ ਸਹਾਇਕ ਜਾਣਕਾਰੀ ਅਤੇ ਸੋਮੇ ਮੌਜੂਦ ਹਨ, ਜਿਸ ਵਿੱਚ ਇਹ ਸ਼ਾਮਲ ਹਨ:

- ਦੰਦਾਂ ਦੇ ਡਾਕਟਰ ਨੂੰ ਲੱਭੋ
- ਕਵਰ ਕੀਤੀਆਂ ਜਾਂਦੀਆਂ ਸੇਵਾਵਾਂ
- ਦੰਦਾਂ-ਸਬੰਧੀ ਮੁਲਾਕਾਤ ਦੀ ਜਾਣਕਾਰੀ
- ਸੰਪਰਕ ਜਾਣਕਾਰੀ
- ਮੂੰਹ ਦੀ ਸਿਹਤ ਦੇਖਭਾਲ ਸਬੰਧੀ ਜਾਣਕਾਰੀ
- ਮੈਂਬਰ ਬੁਲੇਟਿਨ
- ਮੈਂਬਰ ਹੈਂਡਬੁੱਕ
- ਫਾਰਮ
- ਵੀਡੀਓਜ਼
- ਬ੍ਰੋਸ਼ਰ ਅਤੇ ਫਲਾਇਰ
- "Fotonovelas" ਕਹਾਉਂਦੀਆਂ ਤਸਵੀਰ ਵਾਲੀਆਂ ਕਿਤਾਬੜੀਆਂ
- ਬੱਚਿਆਂ ਦੇ ਪ੍ਰਿੰਟ ਕਰਨ ਲਈ ਮਜ਼ੇਦਾਰ ਚੀਜ਼ਾਂ
- ਅਨੁਵਾਦ ਵਿੱਚ ਮਦਦ
- ਆਮ ਸਵਾਲ

ਸਾਨੂੰ ਸੰਪਰਕ ਕਿਵੇਂ ਕਰਨਾ ਹੈ

ਟੈਲੀਫ਼ੋਨ ਸੇਵਾ ਕੇਂਦਰ

ਟੈਲੀਫ਼ੋਨ ਸੇਵਾ ਕੇਂਦਰ (TSC) ਦੇ ਨੁਮਾਇੰਦੇ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8:00 ਵਜੇ ਤੋਂ ਸ਼ਾਮ 5:00 ਵਜੇ ਤੱਕ ਤੁਹਾਡੀ ਮਦਦ ਕਰਨ ਲਈ ਮੌਜੂਦ ਹੁੰਦੇ ਹਨ। TSC ਸਟੇਟ ਦੀਆਂ ਛੁੱਟੀਆਂ ਕਰਕੇ ਬੰਦ ਹੈ। ਜੇ ਤੁਹਾਡੇ ਕੋਈ ਸਵਾਲ ਹਨ ਜਿਹਨਾਂ ਦਾ ਜਵਾਬ ਇਸ ਹੈਂਡਬੁੱਕ ਵਿੱਚ ਨਹੀਂ ਦਿੱਤਾ ਗਿਆ ਹੈ, ਅਸੀਂ ਤੁਹਾਨੂੰ SmileCalifornia.org ਨੂੰ ਦੇਖਣ ਲਈ ਪ੍ਰੇਰਿਤ ਕਰਦੇ ਹਾਂ। ਜੇ ਤੁਹਾਡੇ ਹਾਲੇ ਵੀ ਕੋਈ ਸਵਾਲ ਹੁੰਦੇ ਹਨ ਜਾਂ ਆਪਣੀ ਦੇਖਭਾਲ ਦਾ ਪ੍ਰਬੰਧ ਕਰਨ ਵਿੱਚ ਮਦਦ ਚਾਹੀਦੀ ਹੈ, ਕਿਰਪਾ ਕਰਕੇ ਸਾਨੂੰ ਇੱਥੇ ਟੋਲ-ਫ੍ਰੀ ਕਾੱਲ ਕਰੋ:

Medi-Cal ਡੈਂਟਲ ਟੈਲੀਫ਼ੋਨ ਸੇਵਾ ਕੇਂਦਰ:
1-800-322-6384: ਪੰਜਾਬੀ ਲਈ, 11 ਦਬਾਓ

ਟੈਲੀਟੈਕਸਟ ਟਾਈਪਰਾਈਟਰ (TTY):
1-800-735-2922

ਮੈਨੂੰ ਟੈਲੀਫ਼ੋਨ ਸੇਵਾ ਕੇਂਦਰ ਤੋਂ ਕਿਹੜੀ ਜਾਣਕਾਰੀ ਮਿਲ ਸਕਦੀ ਹੈ?

ਜਦੋਂ ਤੁਸੀਂ ਟੈਲੀਫ਼ੋਨ ਸੇਵਾ ਕੇਂਦਰ (TSC) ਨੂੰ ਕੱਲ ਕਰਦੇ ਹੋ, ਤੁਹਾਨੂੰ ਮੈਂਬਰ ਆਟੋਮੇਟਿਡ ਕੱਲ ਸਿਸਟਮ ਨਾਲ ਕਨੈਕਟ ਕੀਤਾ ਜਾਏਗਾ। ਤੁਸੀਂ ਫੇਰ ਮੀਨੂ ਵਿਕਲਪਾਂ ਦੇ ਵਿੱਚੋਂ ਚੁਣੋਗੇ। ਕਿਰਪਾ ਕਰਕੇ ਆਪਣਾ ਫਾਇਦੀਆਂ ਦਾ ਪਛਾਣ ਕਾਰਡ, ਸੋਸ਼ਲ ਸਕਿਓਰਿਟੀ ਨੰਬਰ, ਅਤੇ ਲਿਖਣ ਲਈ ਕੁਝ ਲੈ ਲਓ। ਕੱਲ ਦੇ ਦੌਰਾਨ, ਤੁਹਾਨੂੰ ਇਸਦੇ ਨਾਲ ਮਦਦ ਮਿਲ ਸਕਦੀ ਹੈ:

- ਇੱਕ Medi-Cal ਡੈਂਟਲ ਪ੍ਰਦਾਤੇ ਨੂੰ ਲੱਭਣਾ (ਪ੍ਰਦਾਤੇ ਦੇ ਹਵਾਲੇ)।
- ਕਿਸੇ ਕਲੀਨਿਕਲ ਸਕ੍ਰੀਨਿੰਗ ਮੁਲਾਕਾਤ ਨੂੰ ਨਿਯਤ ਕਰਨਾ, ਮੁੜ-ਨਿਯਤ ਕਰਨਾ, ਜਾਂ ਰੱਦ ਕਰਨਾ।
- ਅਸਵੀਕਾਰ ਕੀਤੀਆਂ ਜਾਂ ਸੰਸ਼ੋਧਿਤ ਸੇਵਾਵਾਂ ਬਾਰੇ ਜਾਣਕਾਰੀ (ਇਲਾਜ ਦਾ ਅਧਿਕਾਰ-ਸੌਂਪਣੀ ਬਾਰੇ ਬੇਨਤੀ)।
- ਸ਼ਿਕਾਇਤਾਂ ਅਤੇ ਅਪੀਲਾਂ।
- ਸਟੇਟ ਸੁਣਵਾਈ ਲਈ ਕਿਵੇਂ ਫ਼ਾਈਲ ਕਰਨਾ ਹੈ।
- ਸਾਧਾਰਨ Medi-Cal ਡੈਂਟਲ ਸਵਾਲ:
  - Medi-Cal ਕਿਹੜੀਆਂ ਡੈਂਟਲ ਸੇਵਾਵਾਂ ਨੂੰ ਕਵਰ ਕਰਦਾ ਹੈ,
  - ਆਪਣੇ ਡੈਂਟਲ ਰਿਕਾਰਡਾਂ ਦੀ ਬੇਨਤੀ ਕਰਨਾ, ਅਤੇ
  - Medi-Cal ਧੋਖਾ-ਧੜੀ ਦੀ ਸ਼ਿਕਾਇਤ ਕਰਨਾ।
- ਵਿਆਖਿਆਤਮਕ ਸੇਵਾਵਾਂ ਦੀ ਉਪਲਬਧਤਾ।

ਤੁਸੀਂ TSC ਨੁਮਾਇੰਦਿਆਂ ਨਾਲ ਵੀ ਗੱਲ ਕਰ ਸਕਦੇ ਹੋ। ਉਹ ਤੁਹਾਨੂੰ ਅਜਿਹੀ ਕਿਸੇ ਵੀ ਜਾਣਕਾਰੀ ਨਾਲ ਮਦਦ ਕਰਨਗੇ, ਜੋ ਤੁਸੀਂ ਆਟੋਮੇਟਿਡ ਕੱਲ ਸਿਸਟਮ ਦੁਆਰਾ ਪ੍ਰਾਪਤ ਕਰਨ ਲਈ ਅਯੋਗ ਸੀ। ਜੇ ਤੁਹਾਡੇ ਕੋਲ ਇੱਕ ਤੋਂ ਜ਼ਿਆਦਾ ਡੈਂਟਲ ਪ੍ਰਦਾਤਾ ਹੈ ਜਾਂ ਵਿਸ਼ੇਸ਼ ਸਿਹਤ ਸੰਭਾਲ ਜ਼ਰੂਰਤਾਂ ਹੁੰਦੀਆਂ ਹਨ ਤਾਂ TSC ਦੇਖਭਾਲ ਦੇ ਤਾਲਮੇਲ ਨਾਲ ਤੁਹਾਡੀ ਮਦਦ ਕਰ ਸਕਦਾ ਹੈ।

ਭਾਸ਼ਾ ਸਹਾਇਤਾ

ਜੇਕਰ ਮੈਂ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾ ਵਿੱਚ ਬੋਲਦਾ/ਬੋਲਦੀ ਹਾਂ ਤਾਂ ਕੀ ਹੋਵੇਗਾ?

ਇੱਕ Medi-Cal ਮੈਂਬਰ ਵਜੋਂ, ਤੁਹਾਡੇ ਕੋਲ ਕਿਸੇ ਖਰਚੇ ਦੇ ਬਗੈਰ ਦੁਭਾਸ਼ੀਆ ਲੈਣ ਦਾ ਅਧਿਕਾਰ ਹੁੰਦਾ ਹੈ। ਜਦੋਂ ਤੁਸੀਂ ਟੈਲੀਫ਼ੋਨ ਸਰਵਿਸ ਸੈਂਟਰ (TSC) ਨੂੰ 1-800-322-6384 'ਤੇ ਕੱਲ ਕਰਦੇ ਹੋ, ਤਾਂ 10 ਭਾਸ਼ਾਵਾਂ ਦੇ ਵਿਕਲਪ ਹਨ। ਜਦੋਂ ਤੁਸੀਂ ਕੱਲ ਕਰਦੇ ਹੋ, ਤਾਂ ਹੇਠਾਂ ਦਿਖਾਈ ਗਈ ਭਾਸ਼ਾ ਚੁਣਨ ਲਈ ਹਿਦਾਇਤਾਂ ਸੁਣੋ:

- ਅੰਗਰੇਜ਼ੀ, 1 ਦਬਾਓ
- ਸਪੈਨਿਸ਼ 2 ਦਬਾਓ
- ਮੈਂਡਰਿਨ, 3 ਦਬਾਓ
- ਵਿਯਤਨਾਮੀ, 4 ਦਬਾਓ
- ਰੂਸੀ, 5 ਦਬਾਓ
- ਫ਼ਾਰਸੀ, 6 ਦਬਾਓ
- ਕੋਰਿਆਈ, 7 ਦਬਾਓ
- ਕੈਂਟੋਨੀਜ਼, 8 ਦਬਾਓ
- ਅਰਬੀ, 9 ਦਬਾਓ
- ਅਰਮੇਨੀਅਨ, 10 ਦਬਾਓ
- ਸੂਚੀਬੱਧ ਨਾ ਕੀਤੀ ਕਿਸੇ ਭਾਸ਼ਾ ਲਈ, 11 ਦਬਾਓ

TSC ਨੁਮਾਇੰਦੇ ਕਿਸੇ Medi-Cal ਡੈਂਟਲ ਪ੍ਰਦਾਤੇ ਨੂੰ ਲੱਭਣ ਵਿੱਚ ਵੀ ਤੁਹਾਡੀ ਮਦਦ ਕਰ ਸਕਦੇ ਹਨ ਜੋ ਕਿ ਤੁਹਾਡੀ ਭਾਸ਼ਾ ਬੋਲਦਾ ਹੋਵੇ ਜਾਂ ਜਿਸ ਦੇ ਦਫਤਰ ਦਾ ਸਟਾਫ਼ ਤੁਹਾਡੀ ਭਾਸ਼ਾ ਬੋਲਦਾ ਹੋਵੇ।

ਜਦੋਂ ਮੈਂ ਫ਼ੋਨ 'ਤੇ Medi-Cal ਡੈਂਟਲ ਪ੍ਰਦਾਤੇ ਨਾਲ ਗੱਲ ਕਰਦਾ/ਕਰਦੀ ਹਾਂ ਤਾਂ ਕੀ ਕੋਈ ਮੇਰੇ ਲਈ ਅਨੁਵਾਦ ਕਰ ਸਕਦਾ ਹੈ?

ਹਾਂ। ਜੇਕਰ ਤੁਹਾਨੂੰ ਕਿਸੇ ਦੁਭਾਸ਼ੀਏ ਦੀ ਲੋੜ ਹੈ ਜਾਂ ਭਾਸ਼ਾ ਸੇਵਾਵਾਂ ਦੇ ਨਾਲ ਮਦਦ ਚਾਹੀਦੀ ਹੈ, ਤਾਂ ਟੈਲੀਫ਼ੋਨ ਸੇਵਾ ਕੇਂਦਰ ਨੂੰ ਕਾੱਲ ਕਰੋ ਅਤੇ ਆਪਣੀ ਭਾਸ਼ਾ ਚੁਣਨ ਲਈ ਹਿਦਾਇਤਾਂ ਸੁਣੋ। ਪੰਜਾਬੀ ਲਈ, 11 ਦਬਾਓ। ਉਹ ਇੱਕ ਦੁਭਾਸ਼ੀਏ ਨਾਲ ਤੁਹਾਡੀ ਮਦਦ ਕਰ ਸਕਦੇ ਹਨ।

ਕੀ Medi-Cal ਡੈਂਟਲ ਦਫ਼ਤਰ ਵਿਖੇ ਕੋਈ ਮੇਰੇ ਲਈ ਅਨੁਵਾਦ ਕਰ ਸਕਦਾ ਹੈ?

ਹਾਂ। ਜੇਕਰ ਤੁਹਾਡਾ ਡੈਂਟਲ ਪ੍ਰਦਾਤਾ ਤੁਹਾਡੀ ਭਾਸ਼ਾ ਨਹੀਂ ਬੋਲਦਾ ਹੈ, ਤਾਂ ਤੁਹਾਡੇ ਕੋਲ ਭਾਸ਼ਾ ਜਾਂ ਸੰਕੇਤ ਭਾਸ਼ਾ ਦੁਭਾਸ਼ੀਏ ਨੂੰ ਬਿਨਾਂ ਕਿਸੇ ਖਰਚੇ ਦੇ ਲੈਣ ਦਾ ਅਧਿਕਾਰ ਹੈ। ਜੇਕਰ ਤੁਹਾਨੂੰ ਡੈਂਟਲ ਦਫ਼ਤਰ ਵਿਖੇ ਹੋਣ ਦੌਰਾਨ ਆਪਣੇ ਲਈ ਅਨੁਵਾਦ ਕਰਨ ਵਾਸਤੇ ਕਿਸੇ ਵਿਅਕਤੀ ਦੀ ਲੋੜ ਹੁੰਦੀ ਹੈ, ਤਾਂ ਤੁਸੀਂ ਜਾਂ ਡੈਂਟਲ ਪ੍ਰਦਾਤਾ ਟੈਲੀਫ਼ੋਨ ਸਰਵਿਸ ਸੈਂਟਰ (TSC) ਨੂੰ ਕਾੱਲ ਕਰ ਸਕਦੇ ਹੋ। TSC ਕਿਸੇ ਦੁਭਾਸ਼ੀਏ ਨਾਲ ਤੁਹਾਨੂੰ ਕਨੈਕਟ ਕਰੇਗਾ, ਜੋ ਕਿ ਤੁਹਾਡੀ ਭਾਸ਼ਾ ਬੋਲਦਾ ਹੋਵੇ। ਦੁਭਾਸ਼ੀਆ ਤੁਹਾਡੀ ਮੁਲਾਕਾਤ ਦੇ ਦੌਰਾਨ ਜਿੰਨੀ ਦੇਰ ਤੁਹਾਨੂੰ ਲੋੜ ਹੋਵੇ, ਕਾੱਲ ਉੱਤੇ ਬਣਿਆ ਰਹੇਗਾ। ਭਾਸ਼ਾ ਦੁਭਾਸ਼ੀਏ ਮੁਲਾਕਾਤਾਂ 'ਤੇ ਹਾਜ਼ਰ ਨਹੀਂ ਹੁੰਦੇ ਹਨ ਪਰ ਫ਼ੋਨ ਉੱਤੇ ਤੁਹਾਡੀ ਮਦਦ ਕਰਨਗੇ। ਦੁਭਾਸ਼ੀਆ ਤੁਹਾਨੂੰ ਤੁਹਾਡੀ ਮੁਲਾਕਾਤ 'ਤੇ ਤੁਹਾਨੂੰ ਦੱਸੀਆਂ ਜਾਂਦੀਆਂ ਗੱਲਾਂ ਸਮਝਾ ਸਕਦਾ ਹੈ, ਤੁਹਾਡੀ ਦੇਖਭਾਲ ਦੀ ਯੋਜਨਾ ਦੀ ਚਰਚਾ ਕਰ ਸਕਦਾ ਹੈ, ਜਾਂ ਡੈਂਟਲ ਸਟਾਫ਼ ਨਾਲ ਗੱਲ ਕਰ ਸਕਦਾ ਹੈ।

ਭਾਸ਼ਾ ਦੁਭਾਸ਼ੀਏ ਸਮੇਂ ਤੋਂ ਪਹਿਲਾਂ ਨਿਰਧਾਰਤ ਨਹੀਂ ਕੀਤੇ ਜਾ ਸਕਦੇ। ਆਪਣੀ ਮੁਲਾਕਾਤ ਤੋਂ ਪਹਿਲਾਂ, ਕਿਰਪਾ ਕਰਕੇ ਡੈਂਟਲ ਆਫਿਸ ਦੇ ਸਟਾਫ ਨੂੰ ਦੱਸੋ ਕਿ ਕੀ ਤੁਹਾਨੂੰ ਆਪਣੀ ਮੁਲਾਕਾਤ 'ਤੇ ਦੁਭਾਸ਼ੀਏ ਦੀ ਲੋੜ ਪਵੇਗੀ, ਜਾਂ ਤੁਸੀਂ ਆਪਣੇ ਡੈਂਟਲ ਪ੍ਰਦਾਤਾ ਨਾਲ ਗੱਲ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਪਰਿਵਾਰ ਦੇ ਕਿਸੇ ਮੈਂਬਰ ਜਾਂ ਦੋਸਤ ਨੂੰ ਨਾਲ ਲਿਆਓਗੇ। ਇਹ ਉਹਨਾਂ ਨੂੰ ਤੁਹਾਡੀ ਮੁਲਾਕਾਤ ਲਈ ਤਿਆਰ ਕਰਨ ਵਿੱਚ ਮਦਦ ਕਰੇਗਾ।

ਅਧਿਕਾਰਤ ਨੁਮਾਇੰਦਾ

ਇੱਕ ਅਧਿਕਾਰਤ ਨੁਮਾਇੰਦਾ ਕੀ ਹੁੰਦਾ ਹੈ?

ਇੱਕ ਅਧਿਕਾਰਤ ਨੁਮਾਇੰਦਾ ਅਜਿਹਾ ਕੋਈ ਵਿਅਕਤੀ ਹੈ ਜਿਸਦਾ ਤੁਸੀਂ ਨਾਮ ਲੈ ਸਕਦੇ ਹੋ ਅਤੇ ਆਪਣੀ ਡੈਂਟਲ ਜਾਣਕਾਰੀ ਤਕ ਪਹੁੰਚ ਦੇ ਸਕਦੇ ਹੋ। ਇੱਕ ਅਧਿਕਾਰਤ ਨੁਮਾਇੰਦਾ ਪਰਿਵਾਰ ਦੇ ਮੈਂਬਰ, ਦੋਸਤ, ਸੰਗਠਨ, ਜਾਂ ਤੁਹਾਡੇ ਵਲੋਂ ਚੁਣਿਆ ਕੋਈ ਵੀ ਵਿਅਕਤੀ ਹੋ ਸਕਦਾ ਹੈ। ਉਦਾਹਰਨ ਲਈ, ਤੁਸੀਂ ਚਾਹ ਸਕਦੇ ਹੋ ਕਿ ਤੁਹਾਡਾ ਸਾਥੀ ਜਾਂ ਬਾਲਗ਼ ਬੱਚਾ ਬਿੱਲ-ਸਬੰਧੀ ਸਵਾਲਾਂ, ਮੁਲਾਕਾਤਾਂ ਨੂੰ ਬੁੱਕ ਕਰਨ ਦੇ ਨਾਲ ਤੁਹਾਡੀ ਮਦਦ ਕਰੇ, ਜਾਂ ਤੁਹਾਡੀ ਸਿਹਤ ਸਥਿਤੀ ਬਾਰੇ ਜਾਗਰੂਕ ਹੋਣਾ ਚਾਹ ਸਕਦੇ ਹੋ।

1 ਜੁਲਾਈ, 2020 ਤੋਂ ਸ਼ੁਰੂ ਕਰਦਿਆਂ, ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਤੋਂ ਇਲਾਵਾ ਕੋਈ ਵਿਅਕਤੀ Medi-Cal ਨੂੰ ਕਾੱਲ ਕਰੇ ਅਤੇ ਤੁਹਾਡੀ ਡੈਂਟਲ ਜਾਣਕਾਰੀ ਤਕ ਪਹੁੰਚ ਪ੍ਰਾਪਤ ਕਰੇ, ਤੁਹਾਨੂੰ ਉਸਦਾ ਨਾਮ ਤੁਹਾਡੇ ਅਧਿਕਾਰਤ ਨੁਮਾਇੰਦੇ ਵਜੋਂ ਦੇਣਾ ਹੁੰਦਾ ਹੈ।

- ਤੁਹਾਡੇ ਲਈ ਇੱਕ ਅਧਿਕਾਰਤ ਨੁਮਾਇੰਦੇ ਦਾ ਹੋਣਾ ਜ਼ਰੂਰੀ ਨਹੀਂ ਹੈ।
- ਜੇ ਤੁਸੀਂ ਕਿਸੇ ਵਿਅਕਤੀ ਦਾ ਨਾਮ ਆਪਣੇ ਅਧਿਕਾਰਤ ਨੁਮਾਇੰਦੇ ਵਜੋਂ ਦਿੰਦੇ ਹੋ, ਤਾਂ ਤੁਹਾਨੂੰ ਉਦੋਂ ਟੈਲੀਫ਼ੋਨ 'ਤੇ ਹੋਣ ਦੀ ਲੋੜ ਨਹੀਂ ਹੁੰਦੀ ਜਦੋਂ ਉਹ ਤੁਹਾਡੇ ਵੱਲੋਂ ਕਾੱਲ ਕਰਦੇ ਹਨ।

- ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਤੋਂ ਇਲਾਵਾ ਕੋਈ ਵਿਅਕਤੀ ਤੁਹਾਡੀ ਡੈਂਟਲ ਜਾਣਕਾਰੀ ਬਾਰੇ ਸਾਡੇ ਨਾਲ ਸੰਪਰਕ ਕਰੇ, ਤਾਂ ਉਸ ਵਿਅਕਤੀ ਦਾ ਨਾਮ ਇੱਕ ਅਧਿਕਾਰਤ ਨੁਮਾਇੰਦੇ ਵਜੋਂ ਦੇਣਾ ਲਾਜ਼ਮੀ ਹੁੰਦਾ ਹੈ।
- ਤੁਸੀਂ ਇੱਕ ਅਧਿਕਾਰਤ ਨੁਮਾਇੰਦੇ ਨੂੰ ਆਪਣੀ ਕੁਝ ਜਾਂ ਸਾਰੀ ਡੈਂਟਲ ਜਾਣਕਾਰੀ ਤਕ ਪਹੁੰਚ ਦੀ ਇਜਾਜ਼ਤ ਦੇ ਸਕਦੇ ਹੋ। ਤੁਸੀਂ ਕਿਸੇ ਵੀ ਸਮੇਂ 'ਤੇ ਇੱਕ ਅਧਿਕਾਰਤ ਨੁਮਾਇੰਦੇ ਦਾ ਨਾਮ ਦੇ ਸਕਦੇ, ਵਾਪਸ ਲੈ ਸਕਦੇ, ਜਾਂ ਬਦਲ ਸਕਦੇ ਹੋ।
- ਤੁਹਾਡੇ ਇੱਕ ਜਾਂ ਜ਼ਿਆਦਾ ਅਧਿਕਾਰਤ ਨੁਮਾਇੰਦੇ ਹੋ ਸਕਦੇ ਹਨ। ਅਧਿਕਾਰਤ ਨੁਮਾਇੰਦੇ ਰਿਸ਼ਤੇਦਾਰ, ਦੋਸਤ, ਜਾਂ ਤੁਹਾਡੀ ਦੇਖਭਾਲ ਦੇ ਨਾਲ ਮਦਦ ਕਰ ਰਹੇ ਸੰਗਠਨ ਹੋ ਸਕਦੇ ਹਨ।
- ਇਹ ਸਾਡੇ ਵਲੋਂ ਤੁਹਾਡੇ ਜਾਂ ਤੁਹਾਡੇ ਪ੍ਰਦਾਤੇ ਨਾਲ ਗੱਲ ਕਰਨ ਦੇ ਤਰੀਕੇ ਨੂੰ ਨਹੀਂ ਬਦਲਦਾ ਹੈ।

ਮੈਂ ਇੱਕ ਅਧਿਕਾਰਤ ਨੁਮਾਇੰਦੇ ਨੂੰ ਕਿਵੇਂ ਨਿਯੁਕਤ ਕਰਦਾ/ਕਰਦੀ ਹਾਂ?

ਇੱਕ ਅਧਿਕਾਰਤ ਨੁਮਾਇੰਦੇ ਨੂੰ ਨਿਯੁਕਤ ਕਰਨ ਲਈ ਅਧਿਕਾਰਤ ਨੁਮਾਇੰਦੇ ਲਈ ਫ਼ਾਰਮ ਦੀ ਵਰਤੋਂ ਕਰੋ। ਤੁਹਾਡੇ ਲਈ ਫ਼ਾਰਮ ਨੂੰ ਪੂਰੀ ਤਰ੍ਹਾਂ ਭਰਨਾ ਅਤੇ ਹਸਤਾਖਰ ਕਰਨਾ, ਅਤੇ ਇੱਥੇ ਭੇਜਣਾ ਲਾਜ਼ਮੀ ਹੁੰਦਾ ਹੈ:

Medi-Cal Dental Program
Attn : Information Security/Privacy Office
P.O. Box 15539 Sacramento, CA 95852-1539

ਇਸ ਤੋਂ ਇਲਾਵਾ, ਤੁਸੀਂ memberformreturn@delta.org 'ਤੇ ਈਮੇਲ ਭੇਜ ਕੇ ਜਾਂ 800-322-6384 'ਤੇ ਟੈਲੀਫ਼ੋਨ ਸੇਵਾ ਕੇਂਦਰ ਨੂੰ ਕਾਲ ਕਰਕੇ ਵੀ ਫ਼ਾਰਮ ਜਮ੍ਹਾ ਕਰ ਸਕਦੇ ਹੋ।

ਜੇ ਮੈਨੂੰ ਟੈਲੀਫ਼ੋਨ ਸੇਵਾ ਕੇਂਦਰ ਨੂੰ ਕਾਲ ਕਰਨ ਲਈ ਕਿਸੇ ਵਿਅਕਤੀ ਦੀ ਮਦਦ ਚਾਹੀਦੀ ਹੈ ਪਰ ਉਹਨਾਂ ਨੂੰ ਮੇਰਾ ਅਧਿਕਾਰਤ ਨੁਮਾਇੰਦਾ ਨਹੀਂ ਬਣਾਉਣਾ ਚਾਹੁੰਦਾ/ਚਾਹੁੰਦੀ ਹਾਂ ਤਾਂ ਕੀ ਹੋਵੇਗਾ?

ਜੇ ਤੁਸੀਂ ਕਿਸੇ ਵਿਅਕਤੀ ਦੀ ਮਦਦ ਲੈਣਾ ਚਾਹੁੰਦੇ ਹੋ, ਪਰ ਉਹਨਾਂ ਨੂੰ ਆਪਣੇ ਅਧਿਕਾਰਤ ਨੁਮਾਇੰਦੇ ਵਜੋਂ ਸ਼ਾਮਲ ਨਹੀਂ ਕਰਨਾ ਚਾਹੁੰਦੇ, ਤੁਸੀਂ ਤਾਂ ਵੀ ਆਪਣੇ ਸਵਾਲਾਂ ਦੇ ਨਾਲ ਆਪਣੀ ਮਦਦ ਲਈ ਉਹਨਾਂ ਨੂੰ ਫ਼ੋਨ ਉੱਤੇ ਲੈ ਕੇ ਟੈਲੀਫ਼ੋਨ ਸੇਵਾ ਕੇਂਦਰ (TSC) ਨੂੰ ਕਾਲ ਕਰ ਸਕਦੇ ਹੋ। ਪੰਜਾਬੀ ਲਈ, 11 ਦਬਾਓ। ਤੁਹਾਨੂੰ TSC ਨੂੰ ਮੂੰਹ-ਜ਼ਬਾਨੀ ਸਹਿਮਤੀ ਦੇਣ ਦੀ ਲੋੜ ਹੋਵੇਗੀ, ਕਿ ਉਸ ਵਿਅਕਤੀ ਨੂੰ ਕਾਲ ਦੇ ਦੌਰਾਨ ਤੁਹਾਡੀ ਮਦਦ ਕਰਨ ਦੀ ਇਜਾਜ਼ਤ ਦਿੱਤੀ ਜਾਵੇ।

Medi-Cal ਦੇ ਅਧੀਨ ਡੈਂਟਲ ਸੇਵਾਵਾਂ ਦੀ ਵਰਤੋਂ ਕਰਨਾ

ਮੈਨੂੰ ਕਿਵੇਂ ਪਤਾ ਲੱਗਦਾ ਹੈ ਕਿ ਮੈਂ ਦੰਦਾਂ ਦੀਆਂ ਸੇਵਾਵਾਂ ਪ੍ਰਾਪਤ ਕਰਨ ਦੇ ਯੋਗ ਹਾਂ?

ਜ਼ਿਆਦਾਤਰ ਲੋਕ ਜੋ Medi-Cal ਲਈ ਯੋਗ ਬਣ ਜਾਂਦੇ ਹਨ, ਉਹ ਡੈਂਟਲ ਸੇਵਾਵਾਂ ਪ੍ਰਾਪਤ ਕਰਨ ਦੇ ਯੋਗ ਵੀ ਹੁੰਦੇ ਹਨ। ਤੁਹਾਨੂੰ ਡੈਂਟਲ ਸੇਵਾਵਾਂ ਪ੍ਰਾਪਤ ਕਰਨ ਲਈ ਵੱਖਰੇ ਤੌਰ 'ਤੇ ਅਪਲਾਈ ਕਰਨ ਦੀ ਲੋੜ ਨਹੀਂ ਹੈ। ਤੁਹਾਨੂੰ ਡੈਂਟਲ ਸੇਵਾਵਾਂ ਲੈਣ ਲਈ ਆਪਣੇ ਡੈਂਟਲ ਪ੍ਰਦਾਤੇ ਨੂੰ ਆਪਣਾ ਫ਼ਾਇਦੀਆਂ ਦਾ ਪਛਾਣ ਕਾਰਡ ਪ੍ਰਦਾਨ ਕਰਨਾ ਪਵੇਗਾ। ਇਹ ਪਤਾ ਲਗਾਉਣ ਲਈ ਕਿ ਕੀ ਤੁਸੀਂ Medi-Cal ਡੈਂਟਲ ਫ਼ਾਇਦੀਆਂ ਨੂੰ ਪ੍ਰਾਪਤ ਕਰਨ ਦੇ ਯੋਗ ਹੋ, ਕਿਰਪਾ ਕਰਕੇ ਆਪਣੇ ਸਥਾਨਕ ਕਾਉਂਟੀ ਸਮਾਜਕ ਸੇਵਾਵਾਂ ਦੇ ਦਫ਼ਤਰ ਨੂੰ ਕਾਲ ਕਰੋ। ਤੁਸੀਂ ਕਾਉਂਟੀ ਦਫ਼ਤਰਾਂ ਦੀ ਇੱਕ ਸੰਪੂਰਨ ਸੂਚੀ ਇੱਥੇ ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼ ਦੀ ਵੈੱਬਸਾਈਟ ਉੱਤੇ ਲੱਭ ਸਕਦੇ ਹੋ।

Medi-Cal ਡੈਂਟਲ ਫਾਇਦੇ

ਇਹ ਸੈਕਸ਼ਨ Medi-Cal ਵੱਲੋਂ ਕਵਰ ਕੀਤੀ ਡੈਂਟਲ ਦੇਖਭਾਲ ਦੀ ਸੰਖੇਪ ਜਾਣਕਾਰੀ ਪ੍ਰਦਾਨ ਕਰਦਾ ਹੈ।

Medi-Cal ਪ੍ਰੋਗਰਾਮ ਦੇ ਅਧੀਨ ਉਪਲਬਧ ਡੈਂਟਲ ਫਾਇਦੇ ਕਿਹੜੇ ਹਨ?

ਹੇਠਾਂ ਇੱਕ ਤੁਰੰਤ ਸੰਦਰਭ ਗਾਈਡ ਹੈ ਜੋ ਕਿ ਮੈਂਬਰਾਂ ਲਈ ਉਪਲਬਧ ਸਭ ਤੋਂ ਜ਼ਿਆਦਾ ਆਮ ਸੇਵਾਵਾਂ ਲਈ ਹੈ। ਇਹ ਫਾਇਦੇ, ਸਹਾਇਤਾ ਕੋਡਾਂ ਅਤੇ ਮੈਂਬਰ ਦੇ ਨਿਵਾਸ ਸਥਾਨ ਉੱਤੇ ਆਧਾਰਿਤ ਹੁੰਦੇ ਹਨ। ਜ਼ਿਆਦਾ ਜਾਣਕਾਰੀ SmileCalifornia.org ਉੱਤੇ ਮਿਲ ਸਕਦੀ ਹੈ।

ਸੇਵਾਵਾਂ	ਛੋਟੇ ਬੱਚੇ	ਬੱਚੇ	ਕਿਸ਼ੋਰ	ਗਰਭ ਅਵਸਥਾ	ਬਾਲਗ਼	ਸੀਨੀਅਰ
ਮੁਆਇਨਾ*	☀	☀	☀	☀	☀	☀
ਐਕਸ-ਰੇ	☀	☀	☀	☀	☀	☀
ਦੰਦਾਂ ਦੀ ਸਫ਼ਾਈ	☀	☀	☀	☀	☀	☀
ਫ਼ਲੋਰਾਈਡ ਵਾਰਨਿਸ਼	☀	☀	☀	☀	☀	☀
ਫਿਲਿੰਗ ਕਰਾਉਣਾ	☀	☀	☀	☀	☀	☀
ਦੰਦ ਕਢਵਾਉਣਾ	☀	☀	☀	☀	☀	☀
ਐਮਰਜੈਂਸੀ ਸੇਵਾਵਾਂ	☀	☀	☀	☀	☀	☀
ਸੀਡੇਸ਼ਨ	☀	☀	☀		☀	☀
ਦਾੜ੍ਹ ਸੀਲ ਕਰਾਉਣੀ**		☀	☀			
ਰੂਟ ਕੈਨਾਲ		☀	☀	☀	☀	☀
ਦੰਦਾਂ ਨੂੰ ਸੋਧਣ ਵਾਲੇ ਸੰਦ (ਖਿੱਚਾਂ)***			☀			
ਕ੍ਰਾਊਨ****			☀	☀	☀	☀
ਨਕਲੀ ਦੰਦਾਂ ਦੇ ਅੰਸ਼ਕ ਅਤੇ ਪੂਰੇ ਸੈੱਟ			☀	☀	☀	☀
ਨਕਲੀ ਦੰਦਾਂ ਦੇ ਸੈੱਟ ਮੁੜ ਲਗਵਾਉਣਾ			☀	☀	☀	☀
ਸਕੇਲਿੰਗ ਅਤੇ ਰੂਟ ਪਲਾਨਿੰਗ			☀	☀	☀	☀

ਅਪਵਾਦ:

**21 ਸਾਲ ਤੋਂ ਘੱਟ ਉਮਰ ਦੇ ਮੈਂਬਰਾਂ ਲਈ ਹਰੇਕ ਛੇ ਮਹੀਨਿਆਂ ਬਾਅਦ ਅਤੇ 21 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਮੈਂਬਰਾਂ ਲਈ ਹਰੇਕ 12 ਮਹੀਨਿਆਂ ਬਾਅਦ ਮੁਫ਼ਤ ਜਾਂ ਘੱਟ ਲਾਗਤ ਵਾਲੇ ਚੈੱਕ-ਅੱਪ।*

***ਸਥਾਈ ਦਾੜ੍ਹ ਸੀਲੈਂਟ ਬੱਚਿਆਂ ਅਤੇ 21 ਸਾਲ ਤੋਂ ਘੱਟ ਉਮਰ ਦੇ ਕਿਸ਼ੋਰਾਂ ਲਈ ਕਵਰ ਕੀਤੇ ਜਾਂਦੇ ਹਨ।*

****ਜਿਹੜੇ ਵਿਅਕਤੀ ਯੋਗ ਹਨ ਉਹਨਾਂ ਲਈ।*

*****ਕੁਝ ਮਾਮਲਿਆਂ ਵਿੱਚ ਦਾੜ੍ਹਾਂ ਜਾਂ ਪ੍ਰੀਮੋਲਰਾਂ (ਪਿਛਲੇ ਦੰਦ) ਉੱਤੇ ਕ੍ਰਾਊਨ ਕਵਰ ਕੀਤੇ ਜਾ ਸਕਦੇ ਹਨ।*

ਕਿਰਪਾ ਧਿਆਨ ਦਿਓ: ਕੁਝ ਮਾਮਲਿਆਂ ਵਿੱਚ, 6 ਸਾਲ ਤੱਕ ਦੇ ਬੱਚਿਆਂ ਨੂੰ ਸਾਲ ਚ 4 ਵਾਰ ਤੱਕ ਸਫ਼ਾਈ, ਫ਼ਲੋਰਾਈਡ ਇਲਾਜ ਅਤੇ ਜਾਂਚ (CRA ਬੰਡਲ) ਦੀ ਸਹੂਲਤ ਮਿਲ ਸਕਦੀ ਹੈ।

ਪਰਿਭਾਸ਼ਾਵਾਂ ਲਈ **ਡੈਂਟਲ ਸ਼ਬਦ ਅਤੇ ਹੋਰ ਪਰਿਭਾਸ਼ਾਵਾਂ** ਦੇ ਸੈਕਸ਼ਨ ਨੂੰ ਦੇਖੋ।

ਤੁਹਾਡਾ ਡੈਂਟਲ ਪ੍ਰਦਾਤਾ ਤੁਹਾਨੂੰ ਦੱਸੇਗਾ ਕਿ ਕਿਹੜੀਆਂ ਸੇਵਾਵਾਂ Medi-Cal ਦੁਆਰਾ ਕਵਰ ਕੀਤੀਆਂ ਜਾਂਦੀਆਂ ਹਨ ਜਾਂ ਕਵਰ ਨਹੀਂ ਕੀਤੀਆਂ ਜਾਂਦੀਆਂ ਹਨ। ਤੁਹਾਡਾ ਡੈਂਟਲ ਪ੍ਰਦਾਤਾ ਸਰਵੋਤਮ ਇਲਾਜ ਅਤੇ Medi-Cal ਦੇ ਅਧੀਨ ਕਿਹੜੀਆਂ ਸੇਵਾਵਾਂ ਤੁਸੀਂ ਲੈ ਸਕਦੇ ਹੋ, ਨੂੰ ਚੁਣਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਤੁਹਾਡੀ ਪਹਿਲੀ ਮੁਲਾਕਾਤ ਦੇ ਦੌਰਾਨ, ਆਪਣੇ ਡੈਂਟਲ ਪ੍ਰਦਾਤੇ ਨੂੰ ਆਪਣਾ ਫਾਇਦੀਆਂ ਦਾ ਪਛਾਣ ਕਾਰਡ ਦਿਖਾਓ, ਤਾਂ ਜੋ ਉਹ ਤੁਹਾਡੇ ਦੰਦਾਂ ਦੇ ਫਾਇਦੀਆਂ ਤਕ ਪਹੁੰਚ ਸਕਣ।

ਇੱਕ ਸਾਲ ਵਿੱਚ Medi-Cal ਕਵਰ ਕੀਤੀਆਂ ਡੈਂਟਲ ਸੇਵਾਵਾਂ ਲਈ ਕਿੰਨਾ ਭੁਗਤਾਨ ਕਰੇਗਾ ਕੀ ਇਸ ਬਾਰੇ ਕੋਈ ਸੀਮਾਵਾਂ ਹਨ?

Medi Cal, ਕਵਰ ਕੀਤੀਆਂ ਡੈਂਟਲ ਸੇਵਾਵਾਂ ਲਈ $1,800 ਪ੍ਰਤੀ ਸਾਲ ਕਵਰ ਕਰਦਾ ਹੈ। ਹਾਲਾਂਕਿ, ਕਵਰ ਕੀਤੀਆਂ, ਡਾਕਟਰੀ ਤੌਰ 'ਤੇ ਜ਼ਰੂਰੀ ਡੈਂਟਲ ਸੇਵਾਵਾਂ, ਜਾਂ ਗਰਭਵਤੀ ਜਾਂ 21 ਸਾਲ ਤੋਂ ਘੱਟ ਉਮਰ ਦੇ ਮੈਂਬਰਾਂ ਲਈ ਕੋਈ ਸੀਮਾ ਨਹੀਂ ਹੈ।

ਕੀ ਇੱਥੇ ਖਾਸ ਲੋੜਾਂ ਵਾਲੇ ਮਰੀਜ਼ਾਂ ਲਈ ਅਤਿਰਿਕਤ ਫਾਇਦੇ ਹੁੰਦੇ ਹਨ?

ਕੁਝ ਅਪਵਾਦਾਂ ਦੇ ਨਾਲ, ਕਵਰ ਕੀਤੀਆਂ ਡੈਂਟਲ ਸੇਵਾਵਾਂ ਹਰੇਕ ਲਈ ਇੱਕੋ ਜਿਹੀਆਂ ਹਨ। ਹਾਲਾਂਕਿ, ਖਾਸ ਲੋੜਾਂ ਵਾਲੇ ਮਰੀਜ਼ਾਂ ਦੀ ਅਜਿਹੀ ਸਰੀਰਕ, ਵਿਵਹਾਰਿਕ, ਵਿਕਾਸਾਤਮਕ ਜਾਂ ਭਾਵਨਾਤਕ ਸਥਿਤੀ ਹੋ ਸਕਦੀ ਹੈ ਜੋ ਡੈਂਟਲ ਪ੍ਰਦਾਤਾ ਦੁਆਰਾ ਉਹਨਾਂ ਦਾ ਮੁਆਇਨਾ ਕਰਨ ਦੀ ਯੋਗਤਾ ਨੂੰ ਸੀਮਿਤ ਕਰਦੀ ਹੈ। ਇਹਨਾਂ ਮਾਮਲਿਆਂ ਵਿੱਚ, ਡੈਂਟਲ ਪ੍ਰਦਾਤਾ ਇਹ ਫੈਸਲਾ ਲੈ ਸਕਦਾ ਹੈ ਕਿ ਮਰੀਜ਼ ਨੂੰ ਡੈਂਟਲ ਇਲਾਜ ਲੈਣ ਲਈ ਉਸਦਾ ਸੌਣਾ ਲਾਜ਼ਮੀ ਹੈ। ਫੇਰ, ਡੈਂਟਲ ਪ੍ਰਦਾਤਾ ਮੁਆਇਨੇ ਤੋਂ ਪਹਿਲਾਂ Medi-Cal ਤੋਂ ਮਨਜ਼ੂਰੀ ਮੰਗੇਗਾ।

ਬੱਚਿਆਂ ਲਈ ਕਿਹੜੇ ਫਾਇਦੇ ਉਪਲਬਧ ਹਨ?

ਜੇਕਤ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਉਮਰ 21 ਸਾਲ ਤੋਂ ਘੱਟ ਹੈ, ਤਾਂ ਤੁਸੀਂ ਪੂਰਵ ਅਤੇ ਮਿਆਦੀ ਸਕ੍ਰੀਨਿੰਗ, ਨਿਦਾਨਕ, ਅਤੇ ਇਲਾਜ (EPSDT) ਪ੍ਰੋਗਰਾਮ ਦੇ ਅਧੀਨ ਵਾਧੂ ਡੈਂਟਲ ਸੇਵਾਵਾਂ ਲਈ ਯੋਗ ਹੋ ਸਕਦੇ ਹੋ। EPSDT ਦੇ ਅਧੀਨ ਡੈਂਟਲ ਸੇਵਾਵਾਂ ਵਿੱਚ ਸਿਹਤ ਸਬੰਧੀ ਸਥਿਤੀਆਂ ਨੂੰ ਠੀਕ ਕਰਨ ਜਾਂ ਸੁਧਾਰਨ ਲਈ ਚਿਕਿਤਸਾ ਪੱਖੋਂ ਜ਼ਰੂਰੀ ਇਲਾਜ ਸ਼ਾਮਲ ਹੁੰਦਾ ਹੈ।

ਗਰਭਵਤੀ ਔਰਤਾਂ ਲਈ ਕਿਹੜੇ ਫਾਇਦੇ ਉਪਲਬਧ ਹਨ?

ਤੁਹਾਨੂੰ ਅਤੇ ਤੁਹਾਡੇ ਬੱਚੇ ਦੋਹਾਂ ਨੂੰ ਸਿਹਤਮੰਦ ਰੱਖਣ ਲਈ, ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਤੁਸੀਂ ਬੱਚੇ ਦੇ ਜਨਮ ਲੈਣ ਤੋਂ ਪਹਿਲਾਂ ਸਫ਼ਾਈ ਅਤੇ ਮੁਆਇਨੇ ਲਈ ਆਪਣੇ ਡੈਂਟਲ ਪ੍ਰਦਾਤੇ ਨੂੰ ਮਿਲੋ। ਇੱਕ Medi-Cal ਮੈਂਬਰ ਵਜੋਂ, ਤੁਹਾਨੂੰ ਗਰਭ-ਅਵਸਥਾ ਦੌਰਾਨ ਅਤੇ ਬੱਚੇ ਦੇ ਜਨਮ (ਗਰਭ-ਅਵਸਥਾ ਤੋਂ ਬਾਅਦ) ਤੋਂ ਬਾਅਦ 12 ਮਹੀਨਿਆਂ ਲਈ ਕਵਰ ਕੀਤਾ ਜਾਂਦਾ ਹੈ।

ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਤੁਹਾਡੇ ਕੋਲ ਕਿਸ ਕਿਸਮ ਦੀ Medi-Cal ਕਵਰੇਜ ਹੁੰਦੀ ਹੈ, ਤੁਸੀਂ ਡੈਂਟਲ ਸੇਵਾਵਾਂ ਲਈ ਕਵਰ ਕੀਤੇ ਜਾਂਦੇ ਹੋ। ਕਵਰ ਕੀਤੀ ਡੈਂਟਲ ਸੇਵਾ ਪ੍ਰਾਪਤ ਕਰਨ ਲਈ, ਤੁਹਾਡੇ ਲਈ ਉਸ ਸੇਵਾ ਵਾਸਤੇ ਸਾਰੀਆਂ Medi-Cal ਡੈਂਟਲ ਜ਼ਰੂਰਤਾਂ ਨੂੰ ਪੂਰਾ ਕਰਨਾ ਲਾਜ਼ਮੀ ਹੁੰਦਾ ਹੈ।

Medi-Cal ਡੈਂਟਲ ਪ੍ਰਦਾਤੇ

ਤੁਸੀਂ ਕਿਸੇ ਵੀ Medi-Cal ਡੈਂਟਲ ਪ੍ਰਦਾਤੇ ਤੋਂ ਦੰਦਾਂ ਦੀ ਦੇਖਭਾਲ ਪ੍ਰਾਪਤ ਕਰ ਸਕਦੇ ਹੋ। ਡੈਂਟਲ ਆਫਿਸ ਵਿਖੇ ਕਾੱਲ ਕਰੋ ਅਤੇ ਉਨ੍ਹਾਂ ਨੂੰ ਪੁੱਛੋ ਕਿ ਕੀ ਉਹ ਹਾਲੇ ਵੀ Medi-Cal ਨੂੰ ਸਵੀਕਾਰ ਕਰਦੇ ਹਨ ਅਤੇ ਕੀ ਉਹ ਨਵੇਂ ਮਰੀਜ਼ਾਂ ਨੂੰ ਸਵੀਕਾਰ ਕਰਦੇ ਹਨ। ਕਿਰਪਾ ਕਰਕੇ ਇਸ ਸੈਕਸ਼ਨ ਨੂੰ ਪੜ੍ਹੋ, ਤਾਂ ਤੁਹਾਨੂੰ ਪਤਾ ਲੱਗੇਗਾ ਕਿ ਕਿਸੇ Medi-Cal ਡੈਂਟਲ ਪ੍ਰਦਾਤੇ ਨੂੰ ਕਿਵੇਂ ਲੱਭਣਾ ਹੈ ਜੋ Medi-Cal ਮੈਂਬਰਾਂ ਦੀ ਲੋੜ ਪੂਰੀ ਕਰਦਾ ਹੋਵੇ।

ਮੈਂ ਇੱਕ Medi-Cal ਡੈਂਟਲ ਪ੍ਰਦਾਤੇ ਨੂੰ ਕਿਵੇਂ ਲੱਭਾਂ?

Medi-Cal ਡੈਂਟਲ ਦੇ ਨਾਲ, ਤੁਸੀਂ ਕੋਈ ਵੀ Medi-Cal ਡੈਂਟਲ ਪ੍ਰਦਾਤਾ ਚੁਣ ਸਕਦੇ ਹੋ। ਇੱਕ Medi-Cal ਡੈਂਟਲ ਪ੍ਰਦਾਤੇ ਨੂੰ ਲੱਭਣ ਦਾ ਸਭ ਤੋਂ ਵਧੀਆ ਤਰੀਕਾ *Smile, California* 'ਇੱਕ ਡੈਂਟਿਸਟ ਲੱਭੋ' ਪੰਨੇ 'ਤੇ ਜਾਣਾ ਹੈ।

ਕੀ ਹੋਵੇਗਾ ਜੇਕਰ ਮੈਂ ਆਪਣੇ ਖੇਤਰ ਵਿੱਚ Medi-Cal ਡੈਂਟਲ ਲੈਣ ਵਾਲੇ ਕਿਸੇ ਡੈਂਟਲ ਪ੍ਰਦਾਤੇ ਨੂੰ ਨਾ ਲੱਭ ਸਕਾਂ?

ਜੇ ਤੁਸੀਂ ਆਪਣੇ ਖੇਤਰ ਵਿੱਚ ਇੱਕ Medi-Cal ਡੈਂਟਲ ਪ੍ਰਦਾਤੇ ਨੂੰ ਨਹੀਂ ਲੱਭ ਸਕਦੇ ਜੋ ਨਵੇਂ ਮਰੀਜ਼ ਸਵੀਕਾਰ ਕਰ ਰਿਹਾ ਹੈ, ਤਾਂ ਕਿਰਪਾ ਕਰਕੇ ਟੈਲੀਫ਼ੋਨ ਸੇਵਾ ਕੇਂਦਰ ਨੂੰ ਕਾੱਲ ਕਰੋ ਅਤੇ ਆਪਣੀ ਭਾਸ਼ਾ ਚੁਣੋ।

Medi-Cal ਡੈਂਟਲ ਟੈਲੀਫ਼ੋਨ ਸੇਵਾ ਕੇਂਦਰ:
1-800-322-6384: ਪੰਜਾਬੀ ਲਈ, 11 ਦਬਾਓ

ਟੈਲੀਟੈਕਸਟ ਟਾਈਪਰਾਈਟਰ (TTY):
1-800-735-2922

ਜੇ ਮੈਨੂੰ ਡੈਂਟਲ ਮਾਹਿਰ ਨੂੰ ਦਿਖਾਉਣ ਦੀ ਲੋੜ ਹੋਵੇ ਤਾਂ ਕੀ?

ਤੁਹਾਡਾ Medi-Cal ਡੈਂਟਲ ਪ੍ਰਦਾਤਾ ਤੁਹਾਨੂੰ ਵਿਸ਼ਿਸ਼ਟ ਇਲਾਜ ਦੇਣ ਲਈ ਕਿਸੇ ਹੋਰ ਡੈਂਟਲ ਪ੍ਰਦਾਤੇ ਕੋਲ ਭੇਜ ਸਕਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਸਪੈਸ਼ਲਿਸਟ ਇੱਕ ਭਰਤੀ ਕੀਤਾ Medi-Cal ਡੈਂਟਲ ਪ੍ਰਦਾਤਾ ਹੈ, ਤੁਸੀਂ ਉਹਨਾਂ ਨੂੰ *Smile, California* Find a Dentist (ਇੱਕ ਡੈਂਟਿਸਟ ਲੱਭੋ) ਪੰਨੇ ਉੱਤੇ ਲੱਭ ਸਕਦੇ ਹੋ। ਜੇ ਤੁਹਾਨੂੰ ਆਪਣੀ ਮੁਲਾਕਾਤ ਦੀ ਵਿਵਸਥਾ ਕਰਨ ਲਈ ਮਦਦ ਚਾਹੀਦੀ ਹੈ, ਤਾਂ ਕਿਰਪਾ ਕਰਕੇ ਟੈਲੀਫ਼ੋਨ ਸੇਵਾ ਕੇਂਦਰ ਨੂੰ ਕਾੱਲ ਕਰੋ।

ਕੀ ਮੈਂ ਆਪਣੀਆਂ ਡੈਂਟਲ ਸੇਵਾਵਾਂ ਲਈ ਮੈਡੀਕਲ ਕਲੀਨਿਕ 'ਤੇ ਜਾ ਸਕਦਾ/ਸਕਦੀ ਹਾਂ?

ਹਾਂ। ਬਹੁਤ ਸਾਰੇ ਮੈਡੀਕਲ ਕਲੀਨਿਕ Medi-Cal ਮੈਂਬਰਾਂ ਨੂੰ ਮਿਲਣਗੇ ਅਤੇ ਡੈਂਟਲ ਸੇਵਾਵਾਂ ਦੇਣਗੇ। ਤੁਸੀਂ ਮੈਡੀਕਲ ਕਲੀਨਿਕ ਵਿੱਚ ਆਪਣੀਆਂ ਡੈਂਟਲ ਸੇਵਾਵਾਂ ਪ੍ਰਾਪਤ ਸਕਦੇ ਹੋ ਜਦੋਂ ਤੱਕ ਕਿ ਕਲੀਨਿਕ ਨੂੰ Medi-Cal ਸਵੀਕਾਰ ਕਰਨ ਲਈ ਮਨਜ਼ੂਰੀ ਮਿਲਦੀ ਹੈ ਅਤੇ ਡੈਂਟਲ ਸੇਵਾਵਾਂ ਪ੍ਰਦਾਨ ਕਰਦਾ ਹੈ। ਹੋਰ ਜਾਣਕਾਰੀ ਲਈ **ਡੈਂਟਲ ਸ਼ਬਦ ਅਤੇ ਹੋਰ ਪਰਿਭਾਸ਼ਾਵਾਂ** ਸੈਕਸ਼ਨ 'ਤੇ ਜਾਓ।

ਜੇ ਮੈਂ ਇੱਕ Medi-Cal ਡੈਂਟਲ ਪ੍ਰਦਾਤੇ ਵਜੋਂ ਭਰਤੀ ਨਾ ਕੀਤੇ ਕਿਸੇ ਡੈਂਟਲ ਪ੍ਰਦਾਤੇ ਕੋਲ ਜਾਂਦਾ/ਜਾਂਦੀ ਹਾਂ ਤਾਂ ਕੀ ਹੁੰਦਾ ਹੈ?

Medi-Cal ਡੈਂਟਲ ਸਿਰਫ਼ ਅਜਿਹੀਆਂ ਸੇਵਾਵਾਂ ਲਈ ਭੁਗਤਾਨ ਕਰਨਗੇ ਜੋ ਤੁਸੀਂ Medi-Cal ਡੈਂਟਲ ਪ੍ਰੋਗਰਾਮ ਵਿੱਚ ਭਰਤੀ ਕੀਤੇ ਗਏ ਡੈਂਟਲ ਪ੍ਰਦਾਤਿਆਂ ਤੋਂ ਲੈਂਦੇ ਹੋ। ਜੇਕਰ ਤੁਸੀਂ ਕਿਸੇ ਅਜਿਹੇ ਡੈਂਟਲ ਪ੍ਰਦਾਤੇ ਕੋਲ ਜਾਂਦੇ ਹੋ ਜੋ ਕਿ Medi-Cal ਡੈਂਟਲ ਪ੍ਰੋਗਰਾਮ ਵਿੱਚ ਭਰਤੀ ਨਹੀਂ ਹੋਇਆ ਹੈ, ਤਾਂ ਤੁਹਾਨੂੰ ਆਪਣੀਆਂ ਪ੍ਰਾਪਤ ਕੀਤੀਆਂ ਕਿਸੇ ਵੀ ਡੈਂਟਲ ਸੇਵਾਵਾਂ ਦਾ ਭੁਗਤਾਨ ਕਰਨਾ ਹੋਵੇਗਾ।

ਕੀ ਮੈਂ ਡੈਂਟਲ ਪ੍ਰਦਾਤਿਆਂ ਨੂੰ ਬਦਲ ਸਕਦਾ/ਸਕਦੀ ਹਾਂ?

ਹਾਂ। ਤੁਸੀਂ Medi-Cal ਡੈਂਟਲ ਪ੍ਰੋਗਰਾਮ ਵਿੱਚ ਭਰਤੀ ਹੋਏ ਅਤੇ ਨਵੇਂ ਮਰੀਜ਼ਾਂ ਨੂੰ ਸਵੀਕਾਰ ਕਰਦੇ ਕਿਸੇ ਵੀ ਡੈਂਟਲ ਪ੍ਰਦਾਤੇ ਕੋਲ ਜਾ ਸਕਦੇ ਹੋ। ਜੇਕਰ ਤੁਸੀਂ ਕਿਸੇ Dental Managed Care ਪਲਾਨ ਵਿੱਚ ਭਰਤੀ ਹੁੰਦੇ ਹੋ, ਤਾਂ ਤੁਸੀਂ ਪਲਾਨ ਨੂੰ ਕਾੱਲ ਕਰ ਸਕਦੇ ਹੋ ਅਤੇ ਕਿਸੇ ਵੱਖਰੇ ਡੈਂਟਲ ਪ੍ਰਦਾਤੇ ਨੂੰ ਸਪੁਰਦ ਕੀਤੇ ਜਾਣ ਦੀ ਬੇਨਤੀ ਕਰ ਸਕਦੇ ਹੋ।

ਮੈਂ ਆਪਣੇ ਡੈਂਟਲ ਪ੍ਰਦਾਤੇ ਨੂੰ ਕਿੰਨੀ ਵਾਰ ਬਦਲ ਸਕਦਾ/ਸਕਦੀ ਹਾਂ?

ਡੈਂਟਲ ਪ੍ਰਦਾਤਿਆਂ ਨੂੰ ਬਦਲਣ ਦੀਆਂ ਕੋਈ ਸੀਮਾਵਾਂ ਨਹੀਂ ਹਨ। ਹਾਲਾਂਕਿ, ਵੱਖ-ਵੱਖ ਡੈਂਟਲ ਪ੍ਰਦਾਤਿਆਂ ਤੋਂ ਇੱਕੋ ਇਲਾਜ ਪ੍ਰਾਪਤ ਕਰਨ ਸਬੰਧੀ ਸੀਮਾਵਾਂ ਹੁੰਦੀਆਂ ਹਨ (ਉਦਾਹਰਨ ਲਈ, ਸਫ਼ਾਈ)। ਅਸੀਂ ਤੁਹਾਨੂੰ ਸੁਝਾਅ ਦਿੰਦੇ ਹਾਂ ਕਿ ਤੁਸੀਂ Medi-Cal ਡੈਂਟਲ ਪ੍ਰਦਾਤੇ ਨਾਲ ਇੱਕ ਡੈਂਟਲ ਹੋਮ ਚੁਣੋ।

ਇੱਕੋ ਡੈਂਟਲ ਪ੍ਰਦਾਤੇ ਕੋਲ ਜਾਣਾ ਮੇਰੀ ਕਿਵੇਂ ਮਦਦ ਕਰਦਾ ਹੈ?

ਤੁਹਾਡੀਆਂ ਨਿਯਮਿਤ ਜਾਂਚਾਂ ਅਤੇ ਦੇਖਭਾਲ ਲਈ ਇੱਕੋ ਡੈਂਟਲ ਪ੍ਰਦਾਤੇ ਕੋਲ ਜਾਣਾ ਬਹੁਤ ਤਰੀਕਿਆਂ ਨਾਲ ਤੁਹਾਡੇ ਲਈ ਫਾਇਦੇਮੰਦ ਹੋ ਸਕਦਾ ਹੈ:

- ਤੁਸੀਂ ਆਪਣੀ ਅਗਲੀ ਮੁਲਾਕਾਤ ਲਈ ਰਿਮਾਈਂਡਰ ਪ੍ਰਾਪਤ ਕਰ ਸਕਦੇ ਹੋ।
- ਤੁਹਾਡਾ ਡੈਂਟਲ ਪ੍ਰਦਾਤਾ ਇੱਕ ਡੈਂਟਲ ਸਪੈਸ਼ਲਿਸਟ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਜੇਕਰ ਤੁਹਾਡਾ ਨਿਯਮਿਤ ਡੈਂਟਲ ਪ੍ਰਦਾਤਾ ਤੁਹਾਡਾ ਲੋੜੀਂਦਾ ਇਲਾਜ ਪ੍ਰਦਾਨ ਨਾ ਕਰ ਸਕਦਾ ਹੋਵੇ।
- ਤੁਹਾਡਾ ਡੈਂਟਲ ਪ੍ਰਦਾਤਾ ਤੁਹਾਡੇ ਸਿਹਤ ਇਤਿਹਾਸ ਦੀ ਜਾਣਕਾਰੀ ਲੈਂਦਾ ਹੈ ਅਤੇ ਸਮੱਸਿਆਵਾਂ ਦੀ ਜਲਦ ਪਛਾਣ ਕਰਨ ਵਿੱਚ ਮਦਦ ਕਰ ਸਕਦਾ ਹੈ। ਇਸ ਨਾਲ ਤੁਹਾਨੂੰ ਕੋਈ ਸਮੱਸਿਆ ਬਦਤਰ ਹੋ ਜਾਣ ਤੋਂ ਪਹਿਲਾਂ ਇਲਾਜ ਲੈਣ ਦੀ ਇਜਾਜ਼ਤ ਮਿਲਦੀ ਹੈ।

ਕੀ ਮੈਂ ਇਲਾਜ ਦੇ ਵਿਚਕਾਰ ਡੈਂਟਲ ਪ੍ਰਦਾਤਿਆਂ ਨੂੰ ਬਦਲ ਸਕਦਾ/ਸਕਦੀ ਹਾਂ?

ਹਾਂ। ਜੇਕਰ ਤੁਹਾਡੀਆਂ ਡੈਂਟਲ ਸੇਵਾਵਾਂ ਇੱਕ ਡੈਂਟਲ ਪ੍ਰਦਾਤੇ ਲਈ ਮਨਜ਼ੂਰ ਕੀਤੀਆਂ ਗਈਆਂ ਸਨ ਅਤੇ ਤੁਸੀਂ ਆਪਣਾ ਡੈਂਟਲ ਪ੍ਰਦਾਤਾ ਬਦਲਣਾ ਚਾਹੁੰਦੇ ਹੋ, ਤਾਂ ਤੁਹਾਨੂੰ ਬਦਲਾਅ ਕਰਨ ਦੀ ਬੇਨਤੀ ਲਈ ਇੱਕ ਪੱਤਰ ਲਿਖਣਾ ਚਾਹੀਦਾ ਹੈ। ਇਹ ਪੱਤਰ ਆਪਣੇ ਨਵੇਂ ਡੈਂਟਲ ਪ੍ਰਦਾਤੇ ਨੂੰ ਦਿਓ, ਤਾਂ ਜੋ ਉਹ ਪੂਰਵ ਮਨਜ਼ੂਰੀ ਲਈ ਆਪਣੀ ਬੇਨਤੀ ਦੇ ਨਾਲ Medi-Cal ਡੈਂਟਲ ਨੂੰ ਭੇਜ ਦੇਣ। ਅਸੀਂ ਕਿਸੇ ਵੀ ਬਕਾਇਆ ਸੇਵਾਵਾਂ ਲਈ ਤੁਹਾਡੇ ਨਵੇਂ ਡੈਂਟਲ ਪ੍ਰਦਾਤੇ ਨੂੰ ਇੱਕ ਨਵੀਂ ਮਨਜ਼ੂਰੀ ਜਾਰੀ ਕਰਾਂਗੇ।

ਡੈਂਟਲ ਦੇਖਭਾਲ ਪ੍ਰਾਪਤ ਕਰਨਾ

ਮੈਂ ਕਿਸੇ ਡੈਂਟਲ ਪ੍ਰਦਾਤੇ ਦੇ ਨਾਲ ਇੱਕ ਮੁਲਾਕਾਤ ਨੂੰ ਨਿਯਤ ਕਿਵੇਂ ਕਰਾਂ?

ਇੱਕ ਮੁਲਾਕਾਤ ਨਿਯਤ ਕਰਨ ਲਈ ਡੈਂਟਲ ਆਫ਼ਿਸ ਨੂੰ ਕਾੱਲ ਕਰੋ। ਉਹਨਾਂ ਨੂ ਦੱਸੋ ਕਿ ਤੁਹਾਨੂੰ Medi-Cal ਵੱਲੋਂ ਕਵਰ ਕੀਤਾ ਗਿਆ ਹੈ ਅਤੇ ਪੁੱਛੋ ਕਿ ਕੀ ਡੈਂਟਲ ਪ੍ਰਦਾਤਾ ਇੱਕ Medi-Cal ਡੈਂਟਲ ਪ੍ਰਦਾਤਾ ਹੈ। ਜੇਕਰ ਤੁਹਾਨੂੰ ਕੋਈ ਮੁਲਾਕਾਤ ਨਿਯਤ ਕਰਵਾਉਣ ਵਿੱਚ ਮਦਦ ਦੀ ਲੋੜ ਹੋਵੇ, ਤਾਂ ਟੈਲੀਫ਼ੋਨ ਸੇਵਾ ਕੇਂਦਰ (TSC) ਨੂੰ ਕਾੱਲ ਕਰੋ।

ਜਦੋਂ ਮੈਂ ਡੈਂਟਲ ਪ੍ਰਦਾਤੇ ਕੋਲ ਜਾਂਦਾ/ਜਾਂਦੀ ਹਾਂ, ਮੈਨੂੰ ਆਪਣੇ ਨਾਲ ਕੀ ਲਿਆਉਣ ਦੀ ਲੋੜ ਹੁੰਦੀ ਹੈ?

ਆਪਣਾ ਫਾਇਦੀਆਂ ਦਾ ਪਛਾਣ ਕਾਰਡ (BIC) ਅਤੇ ਇੱਕ ਫ਼ੋਟੋ ਪਛਾਣ ਕਾਰਡ (ID) ਲਿਆਓ, ਜਿਵੇਂ ਕਿ ਇੱਕ ਡ੍ਰਾਈਵਰ ਲਾਇਸੈਂਸ ਜਾਂ ਸਟੇਟ ਆਈਡੀ ਕਾਰਡ। ਜੇ ਤੁਹਾਡੇ ਫ਼ੋਟੋ ਆਈਡੀ ਦੀ ਮਿਆਦ ਪੁੱਗ ਗਈ ਹੈ, ਡੈਂਟਲ ਆਫਿਸ ਮਿਆਦ ਪੁੱਗਣ ਦੀ ਮਿਤੀ ਤੋਂ ਬਾਅਦ ਛੇ ਮਹੀਨਿਆਂ ਤਕ ਇਸ ਨੂੰ ਸਵੀਕਾਰ ਕਰੇਗਾ। ਜੇਕਰ ਤੁਸੀਂ ਇੱਕ ਮਤਰੇਏ ਮਾਤਾ-ਪਿਤਾ ਹੋ ਅਤੇ ਆਪਣੇ ਮਤਰੇਏ ਬੱਚੇ ਲਈ ਇੱਕ BIC ਪ੍ਰਾਪਤ ਨਹੀਂ ਕੀਤਾ ਹੈ, ਤਾਂ ਇੱਕ ਸੋਸ਼ਲ ਸਕਿਉਰਿਟੀ ਨੰਬਰ ਦੀ ਵਰਤੋਂ ਯੋਗਤਾ ਦੀ ਪੁਸ਼ਟੀ ਕਰਨ ਲਈ ਕੀਤੀ ਜਾ ਸਕਦੀ ਹੈ। ਜੇਕਰ ਤੁਹਾਡੇ ਕੋਲ ਹੋਰ ਡੈਂਟਲ ਕਵਰੇਜ ਹੈ, ਤਾਂ ਆਪਣੇ ਡੈਂਟਲ ਪ੍ਰਦਾਤਾ ਨੂੰ ਦਿਖਾਉਣ ਲਈ ਉਹ ਜਾਣਕਾਰੀ ਨਾਲ ਲਿਆਓ।

ਮੈਨੂੰ ਡੈਂਟਲ ਪ੍ਰਦਾਤੇ ਕੋਲ ਕਿੰਨੀ ਵਾਰ ਜਾਣਾ ਚਾਹੀਦਾ ਹੈ?

ਸਿਹਤਮੰਦ ਦੰਦਾਂ ਅਤੇ ਮਸੂੜਿਆਂ ਅਤੇ ਸਮੁੱਚੀ ਸਿਹਤ ਲਈ ਸਾਲਾਨਾ ਜਾਂਚਾਂ ਮਹੱਤਵਪੂਰਨ ਹੁੰਦੀਆਂ ਹੈ। ਤੁਹਾਡਾ ਡੈਂਟਲ ਪ੍ਰਦਾਤਾ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਨਿਯਮਿਤ ਜਾਂਚਾਂ ਕਿੰਨੀ ਵਾਰ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ। ਬੱਚਿਆਂ ਨੂੰ ਸਾਲ ਵਿੱਚ ਦੋ ਵਾਰ ਜਾਣਾ ਚਾਹੀਦਾ ਹੈ। ਤੁਹਾਡੀ ਨਿਯਮਿਤ ਜਾਂਚ ਦੇ ਹਿੱਸੇ ਵਜੋਂ, ਤੁਹਾਡਾ ਡੈਂਟਲ ਪ੍ਰਦਾਤਾ ਕਿਸੇ ਵੀ ਇਲਾਜ ਜਾਂ ਫਾਲੋ-ਅਪ ਮੁਲਾਕਾਤਾਂ ਲਈ ਯੋਜਨਾ ਬਣਾਵੇਗਾ ਜਿਸ ਦੀ ਤੁਹਾਨੂੰ ਲੋੜ ਹੋ ਸਕਦੀ ਹੈ।

ਜੇ ਤੁਹਾਡੀਆਂ ਅਚਨਚੇਤ ਦੰਦਾਂ ਦੀਆਂ ਸਮੱਸਿਆਵਾਂ ਜਾਂ ਤੁਹਾਡੀਆਂ ਨਿਯਮਿਤ ਨਿਰਧਾਰਤ ਮੁਲਾਕਾਤਾਂ ਦੇ ਵਿੱਚ ਸਮੱਸਿਆਵਾਂ ਹੁੰਦੀਆਂ ਹਨ, ਤਾਂ ਮਦਦ ਲਈ ਆਪਣੇ ਡੈਂਟਲ ਆਫਿਸ ਵਿਖੇ ਕੱਲ ਕਰੋ। ਜੇ ਤੁਹਾਨੂੰ ਮੂੰਹ ਦੀ ਸੱਟ ਲੱਗਦੀ ਹੈ ਜਾਂ ਦਰਦ ਹੁੰਦੀ ਹੈ, ਆਪਣੇ ਡੈਂਟਲ ਪ੍ਰਦਾਤੇ ਨੂੰ ਤੁਰੰਤ ਕੱਲ ਕਰੋ।

ਮੇਰੇ ਬੱਚੇ ਨੂੰ ਡੈਂਟਲ ਪ੍ਰਦਾਤੇ ਕੋਲ ਕਦੋਂ ਜਾਣਾ ਚਾਹੀਦਾ ਹੈ?

ਤੁਹਾਡੇ ਬੱਚੇ ਨੂੰ ਉਹਨਾਂ ਦੇ ਪਹਿਲੇ ਦੰਦ ਦੇ ਦਿਖਾਈ ਦੇਣ 'ਤੇ ਜਾਂ ਉਹਨਾਂ ਦੇ ਪਹਿਲੇ ਜਨਮਦਿਨ 'ਤੇ, ਜੋ ਵੀ ਪਹਿਲੇ ਹੁੰਦਾ ਹੈ, ਡੈਂਟਲ ਪ੍ਰਦਾਤੇ ਕੋਲ ਜਾਣਾ ਚਾਹੀਦਾ ਹੈ। ਉਹਨਾਂ ਦੀ ਪਹਿਲੀ ਮੁਲਾਕਾਤ ਤੋਂ ਬਾਅਦ, ਤੁਹਾਡੇ ਬੱਚੇ ਨੂੰ ਹਰੇਕ ਛੇ ਮਹੀਨਿਆਂ ਬਾਅਦ ਅਤੇ ਕਦੇ-ਕਦਾਈਂ ਜ਼ਿਆਦਾ ਸਮੇਂ ਬਾਅਦ ਡੈਂਟਲ ਜਾਂਚ ਕਰਾਉਣੀ ਚਾਹੀਦੀ ਹੈ। ਇਸ ਵਿੱਚ ਇੱਕ ਮੁਆਇਨਾ ਅਤੇ ਸਫ਼ਾਈ ਸ਼ਾਮਲ ਹੁੰਦੀ ਹੈ। ਤੁਸੀਂ *Smile, California* ਵੈੱਬਸਾਈਟ ਉੱਤੇ ਇੱਥੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

Medi-Cal ਬੱਚਿਆਂ ਦੀਆਂ ਨਿਵਾਰਕ ਡੈਂਟਲ ਸੇਵਾਵਾਂ ਲਈ ਅਮੇਰਿਕਨ ਐਕੇਡੇਮੀ ਔਫ ਪੀਡਿਏਟ੍ਰਿਕਸ ਦੁਆਰਾ ਸਿਫਾਰਸ਼ ਕੀਤੀ ਨਿਰਧਾਰਤ ਸਮਾਂ-ਸਾਰਣੀ ਦਾ ਸਮਰਥਨ ਕਰਦਾ ਹੈ। ਇਹ ਸੇਵਾਵਾਂ ਜ਼ਿਆਦਾਤਰ ਬੱਚਿਆਂ ਨੂੰ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ। ਵਿਸ਼ੇਸ਼ ਸਿਹਤ ਦੇਖਭਾਲ ਦੀਆਂ ਲੋੜਾਂ ਜਾਂ ਬਿਮਾਰੀ ਜਾਂ ਸਦਮੇ ਵਾਲੇ ਬੱਚਿਆਂ ਲਈ ਵੱਖਰੀਆਂ ਸੇਵਾਵਾਂ ਦੇ ਸੈਟ ਅਤੇ/ਜਾਂ ਵਾਰੰਵਾਰਤਾ ਦੀ ਲੋੜ ਪੈ ਸਕਦੀ ਹੈ। ਤੁਹਾਡੇ ਬੱਚੇ ਦਾ ਡੈਂਟਲ ਪ੍ਰਦਾਤਾ ਤੁਹਾਡੇ ਬੱਚੇ ਲਈ ਨਿਵਾਰਕ ਸੇਵਾਵਾਂ ਲਈ ਸਭ ਤੋਂ ਵਧੀਆ ਸਮਾਂ-ਸਾਰਣੀ ਨਿਰਧਾਰਤ ਕਰੇਗਾ।

ਦੰਦਾਂ ਦੀ ਐਮਰਜੈਂਸੀ ਕੀ ਹੁੰਦੀ ਹੈ?

ਦੰਦਾਂ ਦੀ ਐਮਰਜੈਂਸੀ ਲਈ ਫੌਰੀ ਇਲਾਜ ਦੀ ਲੋੜ ਹੁੰਦੀ ਹੈ। ਦੰਦਾਂ ਦੀ ਐਮਰਜੈਂਸੀ ਇਹ ਹੋ ਸਕਦੀ ਹੈ:

- ਖ਼ੂਨ ਵਗਣਾ ਜੋ ਰੁੱਕਦਾ ਨਹੀਂ ਹੈ।
- ਤੁਹਾਡੇ ਮੂੰਹ ਦੇ ਅੰਦਰ ਜਾਂ ਆਸ-ਪਾਸ ਦਰਦਨਾਕ ਸੋਜਸ਼।
- ਗੰਭੀਰ ਦਰਦ
- ਮੂੰਹ ਦਾ ਜ਼ਖਮ, ਜਿਵੇਂ ਕਿ ਜਬਾੜ੍ਹੇ ਦੀ ਹੱਡੀ ਅਤੇ ਚਿਹਰੇ ਦੀ ਸੱਟ।

- ਦਰਦ ਜਾਂ ਸੋਜਸ਼ ਦੇ ਨਾਲ ਮਸੂੜੇ ਦਾ ਸੰਕ੍ਰਮਣ।
- ਟੁੱਟਿਆ ਜਾਂ ਭੰਨਿਆ ਦੰਦ।
- ਬ੍ਰੇਸਿਸ ਵਿੱਚ ਤਾਰਾਂ ਨੂੰ ਕੱਟਣਾ ਜਾਂ ਉੱਤੇ-ਥੱਲੇ ਕਰਨਾ ਜਿਸ ਕਰਕੇ ਤੁਹਾਡੀ ਗੱਲ੍ਹ ਜਾਂ ਮਸੂੜੇ ਪੀੜ ਕਰਦੇ ਹਨ।

ਕੀ ਹੁੰਦਾ ਹੈ ਜੇ ਮੈਨੂੰ ਕੋਈ ਐਮਰਜੈਂਸੀ (ਅਪਾਤਕਾਲੀ ਸਥਿਤੀ) ਹੁੰਦੀ ਹੈ?

ਨਿਯਮਿਤ ਵਪਾਰਕ ਘੰਟਿਆਂ ਦੌਰਾਨ, ਆਪਣੇ ਡੈਂਟਲ ਪ੍ਰਦਾਤੇ ਨੂੰ ਕਾੱਲ ਕਰੋ ਅਤੇ ਆਪਣੀ ਸਮੱਸਿਆ ਬਾਰੇ ਦੱਸੋ। ਜੇਕਰ ਤੁਸੀਂ ਆਪਣੇ ਡੈਂਟਲ ਪ੍ਰਦਾਤੇ ਕੋਲ ਪਹੁੰਚ ਨਹੀਂ ਕਰ ਸਕਦੇ, ਤਾਂ ਡੈਂਟਲ ਦੇਖਭਾਲ ਪ੍ਰਾਪਤ ਕਰਨ ਵਿੱਚ ਮਦਦ ਲਈ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਅਤੇ ਸ਼ਾਮ 5 ਵਜੇ ਵਿਚਕਾਰ ਟੈਲੀਫ਼ੋਨ ਸੇਵਾ ਕੇਂਦਰ ਨੂੰ ਕਾੱਲ ਕਰੋ। ਪੰਜਾਬੀ ਲਈ, 11 ਦਬਾਓ।

ਜੇਕਰ ਤੁਹਾਨੂੰ ਵਪਾਰਕ ਘੰਟਿਆਂ ਤੋਂ ਬਾਅਦ ਐਮਰਜੈਂਸੀ ਡੈਂਟਲ ਸੇਵਾਵਾਂ ਦੀ ਲੋੜ ਹੁੰਦੀ ਹੈ, ਤਾਂ ਤੁਹਾਨੂੰ ਆਪਣੇ ਡੈਂਟਲ ਪ੍ਰਦਾਤੇ ਦੇ ਕੰਮਕਾਜੀ ਘੰਟਿਆਂ ਤੋਂ ਬਾਅਦ ਦੇ ਜਵਾਬ ਦੇਣ ਵਾਲੇ ਸੁਨੇਹੇ ਉੱਤੇ ਦਿੱਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇ ਤੁਸੀਂ ਆਪਣੇ ਡੈਂਟਲ ਆਫਿਸ ਤੱਕ ਪਹੁੰਚਣ ਦੇ ਯੋਗ ਨਹੀਂ ਹੋ ਜਾਂ ਜੇ ਤੁਹਾਡੇ ਕੋਲ Medi-Cal ਡੈਂਟਲ ਪ੍ਰਦਾਤਾ ਨਹੀਂ ਹੈ, ਤਾਂ ਦੇਖਭਾਲ ਲੈਣ ਲਈ ਨਜ਼ਦੀਕੀ ਐਮਰਜੈਂਸੀ ਰੂਮ 'ਤੇ ਜਾਓ।

"ਮੈਡੀਕਲ ਲੋੜ" ਦਾ ਕੀ ਮਤਲਬ ਹੈ?

ਮੈਡੀਕਲ ਲੋੜ ਤੋਂ ਭਾਵ ਇਹ ਫੈਸਲਾ ਲੈਣ ਲਈ ਵਰਤੇ ਗਏ Medi-Cal ਨਿਯਮਾਂ ਤੋਂ ਹੈ ਕਿ, ਕੀ ਕਵਰ ਕੀਤੀਆਂ ਸੇਵਾਵਾਂ ਦੰਦਾਂ, ਮਸੂੜਿਆਂ ਦੇ ਇਲਾਜ ਲਈ, ਅਤੇ ਆਸਰਾ ਦੇਣ ਵਾਲੇ ਢਾਂਚਿਆਂ ਲਈ ਜ਼ਰੂਰੀ ਅਤੇ ਢੁਕਵੀਆਂ ਹਨ। ਇਹ ਨਿਯਮ ਪੇਸ਼ੇਵਰ ਤੌਰ 'ਤੇ ਪਛਾਣੇ ਗਏ ਅਭਿਆਸ ਦੇ ਮਿਆਰਾਂ ਦੇ ਨਾਲ ਇਕਸਾਰ ਹੁੰਦੇ ਹਨ। ਹੋਰ ਜਾਣਕਾਰੀ ਲਈ **ਡੈਂਟਲ ਸ਼ਬਦ ਅਤੇ ਹੋਰ ਪਰਿਭਾਸ਼ਾਵਾਂ** ਸੈਕਸ਼ਨ 'ਤੇ ਜਾਓ।

ਜੇ ਮੈਂ ਦੂਜੀ ਰਾਏ ਲੈਣੀ ਚਾਹੁੰਦਾ/ਚਾਹੁੰਦੀ ਹਾਂ ਤਾਂ ਕੀ ਹੋਵੇਗਾ?

ਜੇ ਤੁਸੀਂ ਇੱਕ ਡੈਂਟਲ ਇਲਾਜ ਚਾਹੁੰਦੇ ਹੋ ਜਿਸ ਲਈ ਤੁਹਾਡਾ ਡੈਂਟਲ ਪ੍ਰਦਾਤਾ ਦੱਸਦਾ ਹੈ ਕਿ ਤੁਸੀਂ ਚਿਕਿਤਸਕੀ ਢੰਗ ਨਾਲ ਯੋਗ ਨਹੀਂ ਹੋ, ਤਾਂ ਤੁਸੀਂ ਦੂਜੀ ਰਾਏ ਮੰਗ ਸਕਦੇ ਹੋ। ਤੁਸੀਂ ਆਪਣੇ ਨਿਯਮਤ ਡੈਂਟਲ ਪ੍ਰਦਾਤਾ ਨਾਲੋਂ ਵੱਖਰੇ Medi-Cal ਡੈਂਟਲ ਪ੍ਰਦਾਤਾ ਤੋਂ ਦੂਜੀ ਰਾਏ ਪ੍ਰਾਪਤ ਕਰ ਸਕਦੇ ਹੋ। ਕੋਈ ਹੋਰ ਡੈਂਟਲ ਪ੍ਰਦਾਤਾ ਤੁਹਾਡੇ ਬੇਨਤੀ ਕੀਤੇ ਇਲਾਜ ਦੀ ਪੁਸ਼ਟੀ ਕਰਨ ਜਾਂ ਬਦਲਣ ਲਈ ਤੁਹਾਡੀ ਜਾਂਚ ਕਰੇਗਾ ਜੇ ਇਹ ਡਾਕਟਰੀ ਤੌਰ 'ਤੇ ਜ਼ਰੂਰੀ ਹੈ। ਤੁਸੀਂ ਆਪਣੇ ਨਜ਼ਦੀਕ ਕਿਸੇ ਹੋਰ Medi-Cal ਡੈਂਟਲ ਪ੍ਰਦਾਤੇ ਦਾ ਪਤਾ ਲਗਾਉਣ ਲਈ Smile, California ਇੱਕ ਡੈਂਟਿਸਟ ਲੱਭੋ ਪੰਨੇ 'ਤੇ ਜਾ ਸਕਦੇ ਹੋ। ਤੁਸੀਂ TSC ਨੂੰ ਕਾੱਲ ਵੀ ਕਰ ਸਕਦੇ ਹੋ ਅਤੇ ਇੱਕ ਵੱਖਰਾ ਡੈਂਟਲ ਪ੍ਰਦਾਤਾ ਲੱਭਣ ਲਈ ਮਦਦ ਮੰਗ ਸਕਦੇ ਹੋ।

Medi-Cal Dental ਮੈਨੂੰ ਕਿਸੇ ਹੋਰ ਦੰਦਾਂ ਦੇ ਡਾਕਟਰ ਕੋਲ ਦੰਦਾਂ ਦਾ ਮੁਆਇਨਾ ਕਰਵਾਉਣ ਜਾਣ ਲਈ ਕਿਉਂ ਕਹਿ ਰਿਹਾ ਹੈ?

ਤੁਹਾਨੂੰ Medi-Cal ਡੈਂਟਲ ਤੋਂ ਦੰਦਾਂ ਦੇ ਮੁਆਇਨੇ ਦੀ ਮੁਲਾਕਾਤ ਦੇ ਨੋਟਿਸ ਦਾ ਇੱਕ ਪੱਤਰ ਪ੍ਰਾਪਤ ਹੋ ਸਕਦਾ ਹੈ। ਇਹ ਪੱਤਰ ਤੁਹਾਨੂੰ ਕਲੀਨਿਕਲ ਸਕ੍ਰੀਨਿੰਗ ਡੈਂਟਲ ਪ੍ਰਦਾਤਾ ਨਾਲ ਦੰਦਾਂ ਦੀ ਜਾਂਚ ਲਈ ਮੁਲਾਕਾਤ 'ਤੇ ਜਾਣ ਲਈ ਕਹਿੰਦਾ ਹੈ। ਇਹ ਮੁਲਾਕਾਤ ਤੁਹਾਡੇ ਵੱਲੋਂ ਇਹ ਤਸਦੀਕ ਕਰਨ ਲਈ ਕੀਤੀ ਗਈ ਹੈ ਕਿ, ਕੀ ਤੁਹਾਡੇ ਡੈਂਟਲ ਪ੍ਰਦਾਤੇ ਵਲੋਂ ਬੇਨਤੀ ਕੀਤਾ ਗਿਆ ਇਲਾਜ ਅਧਿਕਾਰਤ ਕੀਤਾ ਜਾ ਸਕਦਾ ਹੈ ਜਾਂ ਇਹ ਪੁਸ਼ਟੀ ਕਰਨ ਲਈ ਹੈ ਕਿ ਕੀ ਤੁਹਾਡੇ ਵਲੋਂ ਪਿਛਲੇ ਸਮੇਂ ਵਿੱਚ ਪ੍ਰਾਪਤ ਕੀਤਾ ਗਿਆ ਇਲਾਜ ਬਥੇਰਾ ਹੈ। ਇਸ ਮੁਲਾਕਾਤ ਤੇ ਆਉਣਾ ਮਹੱਤਵਪੂਰਨ ਹੈ।

ਇਹ ਮੁਲਾਕਾਤ ਤਕਰੀਬਨ 15-30 ਮਿੰਟਾਂ ਲਈ ਚੱਲੇਗੀ। ਕਲੀਨਿਕਲ ਸਕ੍ਰੀਨਿੰਗ ਕਰਨ ਵਾਲੇ ਡੈਂਟਲ ਪ੍ਰਦਾਤੇ ਵੱਲੋਂ ਦੰਦਾ ਦਾ ਕੋਈ ਕਾਰਜ ਪ੍ਰਦਾਨ ਨਹੀਂ ਕੀਤਾ ਜਾਵੇਗਾ। ਤੁਹਾਨੂੰ ਮੁਲਾਕਾਤ ਲਈ ਭੁਗਤਾਨ ਕਰਨ ਦੀ ਕੋਈ ਲੋੜ ਨਹੀਂ ਹੁੰਦੀ। ਮੁਲਾਕਾਤ ਤੋਂ ਬਾਅਦ, ਡੈਂਟਲ ਪ੍ਰਦਾਤਾ Medi-Cal ਡੈਂਟਲ ਨੂੰ ਇੱਕ ਰਿਪੋਰਟ ਮੇਲ ਰਾਹੀਂ ਭੇਜੇਗਾ। ਰਿਪੋਰਟ ਦੀ ਵਰਤੋਂ ਇਹ ਫੈਸਲਾ ਲੈਣ ਲਈ ਕੀਤੀ ਜਾਏਗੀ ਕਿ ਕੀ ਬੇਨਤੀ ਕੀਤੀਆਂ ਸੇਵਾਵਾਂ ਨੂੰ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਜਾਂ ਅਸਵੀਕਾਰ ਕਰਨਾ ਚਾਹੀਦਾ ਹੈ।

ਜੇਕਰ ਤੁਸੀਂ ਮੁਲਾਕਾਤ ਵਿੱਚ ਹਾਜ਼ਰ ਨਹੀਂ ਹੋ ਸਕਦੇ, ਤਾਂ ਕਿਰਪਾ ਕਰਕੇ ਮੁਲਾਕਾਤ ਤੋਂ ਘੱਟੋ-ਘੱਟ ਦੋ ਦਿਨ ਪਹਿਲਾਂ ਟੈਲੀਫ਼ੋਨ ਸੇਵਾ ਕੇਂਦਰ (TSC) ਨੂੰ ਕਾੱਲ ਕਰੋ। ਪੰਜਾਬੀ ਲਈ, 11 ਦਬਾਓ। ਜੇਕਰ ਤੁਸੀਂ ਮੁਲਾਕਾਤ 'ਤੇ ਹਾਜ਼ਰ ਨਹੀਂ ਹੁੰਦੇ ਹੋ ਅਤੇ ਸਾਨੂੰ ਨਹੀਂ ਦੱਸਦੇ, ਤਾਂ ਬੇਨਤੀ ਕੀਤੀਆਂ ਸੇਵਾਵਾਂ ਤੋਂ ਇਨਕਾਰ ਕੀਤਾ ਜਾ ਸਕਦਾ ਹੈ।

ਧਿਆਨ ਵਿੱਚ ਰੱਖਣ ਲਈ ਇੱਥੇ ਕੁਝ ਮਹੱਤਵਪੂਰਨ ਗੱਲਾਂ ਹਨ:

- ਆਪਣੀ ਮੁਲਾਕਾਤ ਲਈ ਸਮੇਂ ਸਿਰ ਪਹੁੰਚੋ। ਜੇਕਰ ਤੁਸੀਂ ਦੇਰੀ ਨਾਲ ਆਉਂਦੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਡੀ ਮੁਲਾਕਾਤ ਨੂੰ ਮੁੜ-ਨਿਯਤ ਕਰਨਾ ਪਵੇ।
- ਜੇ ਤੁਹਾਡੇ ਡੈਂਟਲ ਪ੍ਰਦਾਤੇ ਨੇ ਨਵੀਆਂ ਦੰਦਾਵਲੀਆਂ ਲਈ ਬੇਨਤੀ ਕੀਤੀ ਹੈ, ਤਾਂ ਮੁਲਾਕਾਤ 'ਤੇ ਪੁਰਾਣੀਆਂ ਦੰਦਾਵਲੀਆਂ ਲੈ ਕੇ ਆਓ।
- ਨਿਰਦੇਸ਼ਾਂ ਲਈ ਸਿਰਫ ਪੱਤਰ ਉੱਤੇ ਦੱਸੇ ਡੈਂਟਲ ਆਫਿਸ ਦੇ ਫ਼ੋਨ ਨੰਬਰ 'ਤੇ ਕਾੱਲ ਕਰੋ। ਕਿਸੇ ਵੀ ਹੋਰ ਸਵਾਲਾਂ ਲਈ TSC ਨੂੰ ਕਾੱਲ ਕਰੋ।
- ਜੇਕਰ ਤੁਸੀਂ TSC ਨੂੰ ਕਾੱਲ ਕਰਦੇ ਹੋ, ਤਾਂ ਪੱਤਰ ਦੇ ਹੇਠਲੇ ਸੱਜੇ ਕੋਨੇ 'ਤੇ ਦਿਖਾਏ ਗਏ "ਸਕ੍ਰੀਨਿੰਗ #" ਦਾ ਹਵਾਲਾ ਲਓ।
- ਕਲੀਨਿਕਲ ਸਕ੍ਰੀਨਿੰਗ ਰਿਪੋਰਟ ਸਿਰਫ਼ Medi-Cal ਡੈਂਟਲ ਨੂੰ ਭੇਜੀ ਜਾਂਦੀ ਹੈ। ਤੁਹਾਨੂੰ ਇੱਕ ਕਾਪੀ ਪ੍ਰਾਪਤ ਨਹੀਂ ਹੋਵੇਗੀ।
- ਕਲੀਨਿਕਲ ਸਕ੍ਰੀਨਿੰਗ ਡੈਂਟਲ ਪ੍ਰਦਾਤਾ ਨੂੰ ਤੁਹਾਨੂੰ ਇਹ ਦੱਸਣ ਦੀ ਇਜਾਜ਼ਤ ਨਹੀਂ ਹੈ ਕਿ ਕੀ ਤੁਹਾਡਾ ਇਲਾਜ ਮਨਜ਼ੂਰ ਜਾਂ ਇਨਕਾਰ ਕੀਤਾ ਗਿਆ ਹੈ, ਜਾਂ ਉਹ ਤੁਹਾਡੇ ਲਈ ਕੀ ਸਿਫ਼ਾਰਸ਼ ਕਰਦੇ ਹਨ।

ਕੀ ਹੋਵੇਗਾ ਜੇਕਰ ਮੈਨੂੰ ਦੰਦਾਂ ਦੀ ਨਿਯਤ ਮੁਲਾਕਾਤ ਨੂੰ ਰੱਦ ਕਰਨਾ ਪੈਂਦਾ ਹੈ?

ਜੇ ਤੁਸੀਂ ਮੁਲਾਕਾਤ ਪੂਰੀ ਨਹੀਂ ਕਰ ਸਕਦੇ ਹੋ, ਤਾਂ ਰੱਦ ਕਰਨ ਲਈ ਜਾਂ ਇਸਨੂੰ ਦੁਬਾਰਾ ਤੈਅ ਕਰਨ ਲਈ ਘੱਟੋ ਘੱਟ ਇੱਕ ਦਿਨ ਪਹਿਲਾਂ ਜਾਂ ਜਿੰਨੀ ਛੇਤੀ ਸੰਭਵ ਹੋ ਸਕੇ, ਡੈਂਟਲ ਆਫ਼ਿਸ ਨੂੰ ਕਾੱਲ ਕਰੋ। ਡੈਂਟਲ ਆਫ਼ਿਸ ਦਾ ਸਟਾਫ਼ ਤੁਹਾਡੀ ਮੁਲਾਕਾਤ ਨੂੰ ਦੁਬਾਰਾ ਨਿਰਧਾਰਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

ਜੇ ਮੇਰੇ California ਜਾਂ ਦੇਸ਼ ਤੋਂ ਬਾਹਰ ਹੋਣ ਦੌਰਾਨ ਮੈਨੂੰ ਡੈਂਟਲ ਸੇਵਾਵਾਂ ਦੀ ਲੋੜ ਪੈਂਦੀ ਹੈ ਤਾਂ ਕੀ ਹੋਵੇਗਾ?

California ਦੇ ਬਾਰਡਰ ਦੇ ਨੇੜੇ ਕੁਝ ਰਾਜ ਅਜਿਹੇ ਹਨ ਜਿੱਥੇ Medi-Cal ਡੈਂਟਲ ਪ੍ਰਦਾਤੇ ਉਪਲਬਧ ਹਨ। ਤੁਸੀਂ ਬਾਰਡਰ ਦੇ ਇਹਨਾਂ ਖੇਤਰਾਂ ਵਿੱਚ ਕਿਸੇ ਵੀ Medi-Cal ਡੈਂਟਲ ਪ੍ਰਦਾਤੇ ਤੋਂ ਕਵਰ ਕੀਤੀਆਂ ਡੈਂਟਲ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ।

ਐਮਰਜੈਂਸੀ ਸਥਿਤੀਆਂ ਤੋਂ ਇਲਾਵਾ ਬਾਕੀ ਸਾਰੀਆਂ ਸਟੇਟ ਤੋਂ ਬਾਹਰਲੀਆਂ ਸੇਵਾਵਾਂ ਲਈ ਪੂਰਵ ਮਨਜ਼ੂਰੀ ਦੀ ਲੋੜ ਹੁੰਦੀ ਹੈ। ਤੁਸੀਂ ਮਦਦ ਲਈ ਟੈਲੀਫ਼ੋਨ ਸੇਵਾ ਕੇਂਦਰ ਨੂੰ ਕਾੱਲ ਕਰ ਸਕਦੇ ਹੋ। ਪੰਜਾਬੀ ਲਈ, 11 ਦਬਾਓ। ਦੇਸ਼ ਤੋਂ ਬਾਹਰ ਦਿੱਤੀਆਂ ਗਈਆਂ ਡੈਂਟਲ ਸੇਵਾਵਾਂ ਨੂੰ Medi-Cal ਦੁਆਰਾ ਕਵਰ ਨਹੀਂ ਕੀਤਾ ਜਾਂਦਾ ਹੈ, ਸਿਵਾਏ ਕਿ ਤੁਹਾਨੂੰ ਐਮਰਜੈਂਸੀ ਸੇਵਾਵਾਂ ਦੀ ਜ਼ਰੂਰਤ ਹੈ ਜਿਸ ਲਈ ਤੁਹਾਨੂੰ ਕੈਨੇਡਾ ਜਾਂ ਮੈਕਸੀਕੋ ਵਿੱਚ ਹਸਪਤਾਲ ਵਿੱਚ ਭਰਤੀ ਹੋਣ ਦੀ ਲੋੜ ਹੈ।

ਡੈਂਟਲ ਸੇਵਾਵਾਂ ਦੀ ਲਾਗਤ

ਕੀ ਮੈਨੂੰ ਆਪਣੀ ਡੈਂਟਲ ਦੇਖਭਾਲ ਲਈ ਕੁਝ ਵੀ ਭੁਗਤਾਨ ਕਰਨ ਦੀ ਲੋੜ ਹੈ?

ਜਦੋਂ ਤਕ ਤੁਹਾਡੇ ਕੋਲ ਲਾਗਤ ਦੇ ਹਿੱਸੇ ਦੇ ਨਾਲ Medi-Cal ਕਵਰੇਜ ਨਹੀਂ ਹੁੰਦੀ, ਤੁਹਾਡਾ ਡੈਂਟਲ ਪ੍ਰਦਾਤਾ ਤੁਹਾਨੂੰ Medi-Cal ਡੈਂਟਲ ਦੁਆਰਾ ਕਵਰ ਕੀਤੇ ਕਿਸੇ ਇਲਾਜ ਲਈ ਭੁਗਤਾਨ ਕਰਨ ਲਈ ਨਹੀਂ ਕਹਿ ਸਕਦਾ। ਤੁਸੀਂ My Medi-Cal ਕਿਤਾਬੜੀ (ਪ੍ਰਕਾਸ਼ਨ 68) ਵਿੱਚ ਆਪਣੀ ਲਾਗਤ ਦੇ ਹਿੱਸੇ ਬਾਰੇ ਜਾਣ ਸਕਦੇ ਹੋ। ਇਹੀ ਕਿਤਾਬੜੀ ਹੈ ਜੋ ਤੁਸੀਂ ਆਪਣੇ ਨਵੇਂ Medi-Cal ਭਰਤੀ ਪੈਕਟ ਦੇ ਨਾਲ ਪ੍ਰਾਪਤ ਕੀਤੀ ਸੀ।

ਤੁਹਾਨੂੰ ਸਿਰਫ਼ Medi-Cal ਦੁਆਰਾ ਕਵਰ ਕੀਤੀਆਂ ਸੇਵਾਵਾਂ ਦੀ ਮੰਗ ਕਰਨ ਦਾ ਅਧਿਕਾਰ ਹੈ। ਤੁਹਾਡੇ ਡੈਂਟਲ ਪ੍ਰਦਾਤਾ ਲਈ ਤੁਹਾਨੂੰ ਲਿਖਤੀ ਜਾਂ ਇਲੈਕਟ੍ਰਾਨਿਕ ਇਲਾਜ ਯੋਜਨਾ ਦੇਣਾ ਲਾਜ਼ਮੀ ਹੁੰਦਾ ਹੈ। ਯੋਜਨਾ ਇਹ ਦਿਖਾਏਗੀ ਕਿ ਕੀ Medi-Cal ਇੱਕ ਵੱਖਰੀ, ਡਾਕਟਰੀ ਤੌਰ 'ਤੇ ਜ਼ਰੂਰੀ ਸੇਵਾ ਨੂੰ ਕਵਰ ਕਰਦਾ ਹੈ। ਤੁਹਾਡਾ ਡੈਂਟਲ ਪ੍ਰਦਾਤਾ ਤੁਹਾਨੂੰ ਕੋਈ ਵੀ ਸੇਵਾ ਪ੍ਰਾਪਤ ਨਹੀਂ ਕਰਵਾ ਸਕਦਾ ਜੋ Medi-Cal ਦੁਆਰਾ ਕਵਰ ਨਹੀਂ ਕੀਤੀ ਗਈ ਹੈ।

ਤੁਹਾਡਾ ਡੈਂਟਲ ਪ੍ਰਦਾਤਾ ਤੁਹਾਨੂੰ ਨਿੱਜੀ ਬੀਮਾ ਲਾਗਤ-ਸਾਂਝ ਰਕਮਾਂ ਲਈ ਖਰਚਾ ਨਹੀਂ ਪਾ ਸਕਦਾ। ਇਸ ਵਿੱਚ ਕਟੌਤੀ-ਯੋਗ ਰਕਮਾਂ, ਸਹਿ-ਬੀਮਾ, ਜਾਂ ਨਿੱਜੀ ਬੀਮਾ ਸਹਿ-ਭੁਗਤਾਨ ਸ਼ਾਮਲ ਹੁੰਦੇ ਹਨ।

ਜੇ ਤੁਸੀਂ ਅਜਿਹਾ ਇਲਾਜ ਕਰਾਉਣਾ ਚੁਣਦੇ ਹੋ ਜਿਸਨੂੰ Medi-Cal ਡੈਂਟਲ ਦੁਆਰਾ ਕਵਰ ਨਹੀਂ ਕੀਤਾ ਜਾਂਦਾ, ਤਾਂ ਤੁਹਾਡਾ ਡੈਂਟਲ ਪ੍ਰਦਾਤਾ ਤੁਹਾਨੂੰ ਸੇਵਾਵਾਂ ਲਈ ਖਰਚਾ ਪਾ ਸਕਦਾ ਹੈ। ਜੇ ਤੁਹਾਡੀ ਉਮਰ 21 ਸਾਲ ਜਾਂ ਵੱਡੀ ਹੈ ਤਾਂ ਤੁਹਾਨੂੰ ਵਿਆਪਕ ਓਰਥੋਡੋਂਟਿਕ ਇਲਾਜ (ਬ੍ਰੇਸਿਸ) ਲਈ ਵੀ ਖਰਚਾ ਪਾਇਆ ਜਾ ਸਕਦਾ ਹੈ।

ਸਹਿ-ਭੁਗਤਾਨ ਕੀ ਹੈ?

ਕੁਝ Medi-Cal ਸੇਵਾਵਾਂ ਦਾ ਛੋਟਾ ਸਹਿ-ਭੁਗਤਾਨ ਹੁੰਦਾ ਹੈ। ਡੈਂਟਲ ਆਫ਼ਿਸ ਤੁਹਾਡੀ ਮੁਲਾਕਾਤ 'ਤੇ ਕੋਈ ਵੀ ਸਹਿ-ਭੁਗਤਾਨ ਇਕੱਤਰ ਕਰੇਗਾ। ਹੇਠਾਂ ਸਹਿ-ਭੁਗਤਾਨ ਲਈ ਮਾਪਦੰਡ ਵੇਖੋ।

Medi-Cal ਸਹਿ-ਭੁਗਤਾਨ ਮਾਪਦੰਡ		
ਸਹਿ-ਭੁਗਤਾਨ ਦੇ ਅਧੀਨ ਸੇਵਾਵਾਂ	**ਸਹਿ-ਭੁਗਤਾਨ ਫੀਸ**	**ਫੀਸ ਲਈ ਛੋਟਾਂ**
ਇੱਕ ਐਮਰਜੈਂਸੀ ਰੂਮ ਵਿੱਚ ਪ੍ਰਦਾਨ ਕੀਤੀਆਂ ਗੈਰ-ਐਮਰਜੈਂਸੀ ਸੇਵਾਵਾਂ: ਗੈਰ-ਐਮਰਜੈਂਸੀ ਸੇਵਾ ਨੂੰ "ਕੋਈ ਵੀ ਸੇਵਾ ਮੈਡੀਕਲ ਸਥਿਤੀਆਂ ਦੇ ਤੁਰੰਤ ਨਿਦਾਨ ਅਤੇ ਇਲਾਜ ਜਾਂ ਤੇਜ਼ ਦਰਦ ਤੋਂ ਰਾਹਤ ਲਈ ਲੋੜੀਂਦੀ ਨਹੀਂ ਹੁੰਦੀ ਹੈ, ਜਿਸਦਾ ਜੇਕਰ ਤੁਰੰਤ ਨਿਦਾਨ ਅਤੇ ਇਲਾਜ ਨਹੀਂ ਕੀਤਾ ਜਾਂਦਾ ਹੈ, ਤਾਂ ਅਪੰਗਤਾ ਜਾਂ ਮੌਤ ਦਾ ਕਾਰਨ ਬਣੇਗੀ" ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ।	$5.00	1. 18 ਜਾਂ ਇਸ ਤੋਂ ਘੱਟ ਉਮਰ ਦੇ ਵਿਅਕਤੀ। 2. ਗਰਭ ਅਵਸਥਾ ਦੇ ਦੌਰਾਨ ਅਤੇ ਡਿਲੀਵਰੀ ਤੋਂ ਇੱਕ ਮਹੀਨਾ ਬਾਅਦ ਦੇਖਭਾਲ ਪ੍ਰਾਪਤ ਕਰਦਾ ਕੋਈ ਵੀ ਵਿਅਕਤੀ। 3. ਵਿਅਕਤੀ ਜੋ ਸਿਹਤ ਸੁਵਿਧਾ (ਹਸਪਤਾਲ, ਕੁਸ਼ਲ ਨਰਸਿੰਗ ਸੁਵਿਧਾ, ਇੰਡਰਮੀਡੀਏਟ ਸੰਭਾਲ ਸੁਵਿਧਾ) ਵਿੱਚ ਹਨ। 4. AFDC-ਫੋਸਟਰ ਦੇਖਭਾਲ ਵਿੱਚ ਕੋਈ ਬੱਚਾ। 5. ਕੋਈ ਵੀ ਸੇਵਾ ਜਿਸ ਲਈ ਪ੍ਰੋਗਰਾਮ ਦਾ ਭੁਗਤਾਨ $10 ਜਾਂ ਘੱਟ ਹੈ।
ਆਊਟਪੇਸ਼ੇਂਟ ਸੇਵਾਵਾਂ: ਫਿਜ਼ਿਸ਼ੀਅਨ, ਓਪਟੋਮੇਟ੍ਰਿਕ, ਕਾਇਰੋਪ੍ਰੈਕਟਿਕ, ਸਾਇਕੋਲੋਜੀ, ਬੋਲਣ ਦੀ ਥੈਰੇਪੀ, ਆਡਿਓਲੋਜੀ, ਐਕਿਉਪੰਕਚਰ, ਓਕਿਉਪੇਸ਼ਨਲ ਥੈਰੇਪੀ, ਪੀਡਿਏਟ੍ਰਿਕ, ਸਰਜੀਕਲ ਸੈਂਟਰ, ਹਸਪਤਾਲ ਜਾਂ ਕਲੀਨਿਕ ਆਊਟਪੇਸ਼ੇਂਟ, ਸਰੀਰਕ ਥੈਰੇਪੀ, ਅਤੇ ਡੈਂਟਲ।	$1.00	1. 18 ਜਾਂ ਇਸ ਤੋਂ ਘੱਟ ਉਮਰ ਦੇ ਵਿਅਕਤੀ। 2. ਗਰਭ ਅਵਸਥਾ ਦੇ ਦੌਰਾਨ ਅਤੇ ਡਿਲੀਵਰੀ ਤੋਂ ਇੱਕ ਮਹੀਨਾ ਬਾਅਦ ਦੇਖਭਾਲ ਪ੍ਰਾਪਤ ਕਰਦਾ ਕੋਈ ਵੀ ਵਿਅਕਤੀ। 3. ਵਿਅਕਤੀ ਜੋ ਸਿਹਤ ਸੁਵਿਧਾ (ਹਸਪਤਾਲ, ਕੁਸ਼ਲ ਨਰਸਿੰਗ ਸੁਵਿਧਾ, ਇੰਡਰਮੀਡੀਏਟ ਸੰਭਾਲ ਸੁਵਿਧਾ) ਵਿੱਚ ਹਨ। 4. AFDC-ਫੋਸਟਰ ਦੇਖਭਾਲ ਵਿੱਚ ਕੋਈ ਬੱਚਾ। 5. ਕੋਈ ਵੀ ਸੇਵਾ ਜਿਸ ਲਈ ਪ੍ਰੋਗਰਾਮ ਦਾ ਭੁਗਤਾਨ $10 ਜਾਂ ਘੱਟ ਹੈ।
ਡਾਕਟਰ ਦੁਆਰਾ ਲਿਖੀਆਂ ਦਵਾਈਆਂ: ਡਾਕਟਰ ਦੁਆਰਾ ਲਿਖੀ ਹਰੇਕ ਦਵਾਈ ਜਾਂ ਰਿਫਿੱਲ।	$1.00	ਉੱਪਰ ਸੂਚੀਬੱਧ ਸਭ, ਨਾਲ ਹੀ 65 ਜਾਂ ਇਸ ਤੋਂ ਵੱਧ ਉਮਰ ਦਾ ਵਿਅਕਤੀ।

ਜਦੋਂ ਮੈਂ ਆਪਣੀ ਮੁਲਾਕਾਤ 'ਤੇ ਜਾਂਦਾ/ਜਾਂਦੀ ਹਾਂ ਅਤੇ ਮੈਂ ਸਹਿ-ਭੁਗਤਾਨ ਦਾ ਭੁਗਤਾਨ ਨਹੀਂ ਕਰ ਸਕਦਾ/ਸਕਦੀ ਤਾਂ ਕੀ ਹੁੰਦਾ ਹੈ?

ਜੇਕਰ ਤੁਸੀਂ ਆਪਣੀ ਮੁਲਾਕਾਤ 'ਤੇ ਸਹਿ-ਭੁਗਤਾਨ ਦਾ ਭੁਗਤਾਨ ਨਹੀਂ ਕਰ ਸਕਦੇ ਤਾਂ ਇੱਕ Medi-Cal ਡੈਂਟਲ ਪ੍ਰਦਾਤਾ ਤੁਹਾਡਾ ਇਲਾਜ ਕਰਨ ਤੋਂ ਇਨਕਾਰ ਨਹੀਂ ਕਰ ਸਕਦਾ। ਇਹ ਲਾਗਤ ਦੇ ਹਿੱਸੇ ਦੀ ਰਕਮ ਤੋਂ ਵੱਖ ਹੁੰਦੀ ਹੈ।

ਮੈਨੂੰ ਕੀ ਕਰਨਾ ਚਾਹੀਦਾ ਹੈ ਜੇਕਰ ਮੈਂ ਉਸ ਸੇਵਾ ਲਈ ਭੁਗਤਾਨ ਕੀਤਾ ਹੈ ਜਿਸ ਲਈ ਮੈਂ ਭੁਗਤਾਨ ਨਹੀਂ ਕਰਨਾ ਸੀ?

ਕਾਨੂੰਨ ਅਨੁਸਾਰ, ਇੱਕ Medi-Cal ਡੈਂਟਲ ਪ੍ਰਦਾਤਾ ਨੂੰ Medi-Cal ਦੁਆਰਾ ਕਵਰ ਕੀਤੀਆਂ ਸੇਵਾਵਾਂ ਲਈ ਕਿਸੇ Medi-Cal ਮੈਂਬਰ ਨੂੰ ਖਰਚਾ ਪਾਉਣ ਦੀ ਇਜਾਜ਼ਤ ਨਹੀਂ ਹੈ। ਜੇ ਤੁਸੀਂ ਕਵਰ ਕੀਤੀ ਦੰਦਾਂ ਦੀ ਸੇਵਾ ਲਈ ਭੁਗਤਾਨ ਕਰ ਦਿੱਤਾ ਸੀ, ਤਾਂ ਅਸੀਂ ਪੈਸੇ ਵਾਪਸ ਦਵਾਉਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ। ਇੱਕ Medi-Cal ਡੈਂਟਲ ਪ੍ਰਦਾਤੇ ਨੂੰ ਤੁਹਾਨੂੰ ਕਿਸੇ ਦਾਅਵੇ ਲਈ ਪੈਸੇ ਜ਼ਰੂਰਤ ਵਾਪਸ ਕਰਨੇ ਚਾਹੀਦੇ ਹਨ ਜਦੋਂ ਤੁਸੀਂ ਸਬੂਤ ਦਿਖਾਉਂਦੇ ਹੋ ਕਿ ਤੁਹਾਡੇ ਕੋਲ ਆਪਣੀ ਪ੍ਰਾਪਤ ਕੀਤੀ ਗਈ ਮੈਡੀਕਲ ਤੌਰ 'ਤੇ ਜ਼ਰੂਰੀ ਸੇਵਾ ਲਈ Medi-Cal ਕਵਰੇਜ ਸੀ। ਆਪਣੀ ਸਥਿਤੀ ਦੇ ਨਾਲ ਮਦਦ ਲਈ ਟੈਲੀਫ਼ੋਨ ਸੇਵਾ ਕੇਂਦਰ ਨੂੰ ਕਾਲ ਕਰੋ। ਪੰਜਾਬੀ ਲਈ, 11 ਦਬਾਓ।

ਜੇ ਤੁਸੀਂ ਅਜਿਹੀਆਂ ਸੇਵਾਵਾਂ ਚੁਣਦੇ ਹੋ ਜਿਸਨੂੰ Medi-Cal ਦੁਆਰਾ <u>ਕਵਰ ਨਹੀਂ ਕੀਤਾ ਜਾਂਦਾ</u>, ਤਾਂ ਤੁਹਾਡਾ ਡੈਂਟਲ ਪ੍ਰਦਾਤਾ ਤੁਹਾਨੂੰ ਖਰਚਾ ਪਾ ਸਕਦਾ ਹੈ। ਇਸਦਾ ਮਤਲਬ ਇਹ ਹੈ ਕਿ ਤੁਹਾਡੇ ਲਈ ਇਹ ਜਾਣਨਾ ਬਹੁਤ ਮਹੱਤਵਪੂਰਨ ਹੈ ਕਿ Medi-Cal ਦੁਆਰਾ ਕਿਹੜੇ ਫਾਇਦੇ ਕਵਰ ਕੀਤੇ ਜਾਂਦੇ ਹਨ। ਸੇਵਾਵਾਂ ਦਾ ਭੁਗਤਾਨ ਕਰਨ ਲਈ ਇੱਕ ਸਮਝੌਤੇ 'ਤੇ ਹਸਤਾਖਰ ਕਰਨ ਤੋਂ ਪਹਿਲਾਂ, ਆਪਣੇ ਡੈਂਟਲ ਪ੍ਰਦਾਤਾ ਨੂੰ ਪੁੱਛੋ ਕਿ ਕਿਹੜੀਆਂ ਸੇਵਾਵਾਂ Medi-Cal ਦੁਆਰਾ ਕਵਰ ਕੀਤੀਆਂ ਜਾਂਦੀਆਂ ਹਨ ਜਾਂ ਕਿਹੜੀਆਂ ਨਹੀਂ। ਕਿਰਪਾ ਕਰਕੇ ਇਸ ਹੈਂਡਬੁੱਕ ਵਿੱਚ ਹੇਠਾਂ ਦਿੱਤੇ ਫਾਇਦੀਆਂ ਦੀ ਤੁਰੰਤ ਹਵਾਲਾ ਗਾਈਡ ਦੀ ਸਮੀਖਿਆ ਵੀ ਕਰੋ:***Medi-Cal ਪ੍ਰੋਗਰਾਮ ਦੇ ਅਧੀਨ ਉਪਲਬਧ ਡੈਂਟਲ ਫਾਇਦੇ ਕਿਹੜੇ ਹਨ?***

ਜੇਕਰ ਮੈਨੂੰ ਡੈਂਟਲ ਪ੍ਰਦਾਤਾ ਤੋਂ ਇੱਕ ਬਿੱਲ ਪ੍ਰਾਪਤ ਹੋ ਜਾਵੇ ਤਾਂ ਕੀ ਹੋਵੇਗਾ?

ਜੇ ਤੁਹਾਨੂੰ ਆਪਣੇ ਡੈਂਟਲ ਆਫ਼ਿਸ ਤੋਂ ਇੱਕ ਬਿੱਲ ਪ੍ਰਾਪਤ ਹੁੰਦਾ ਹੈ, ਤਾਂ ਕਾਲ ਕਰਕੇ ਇਹ ਪੁੱਛੋ ਕਿ ਉਹਨਾਂ ਨੇ ਤੁਹਾਨੂੰ ਬਿੱਲ ਕਿਉਂ ਭੇਜਿਆ। ਡੈਂਟਲ ਆਫ਼ਿਸ ਖਰਚਿਆਂ ਬਾਰੇ ਅਤੇ ਕਿ ਉਹ ਤੁਹਾਨੂੰ ਭੁਗਤਾਨ ਕਰਨ ਲਈ ਕਿਉਂ ਕਹਿ ਰਹੇ ਹਨ, ਵਿਸਤਾਰ ਨਾਲ ਦੱਸੇਗਾ। ਜੇ ਤੁਹਾਡੇ ਕੋਲ ਹਾਲੇ ਵੀ ਬਿੱਲ ਬਾਰੇ ਸਵਾਲ ਹਨ, ਤਾਂ ਮਦਦ ਲਈ ਟੈਲੀਫ਼ੋਨ ਸੇਵਾ ਕੇਂਦਰ ਨੂੰ ਕਾਲ ਕਰੋ। ਪੰਜਾਬੀ ਲਈ, 11 ਦਬਾਓ।

ਜਦੋਂ ਤੁਹਾਡੀ Medi-Cal ਕਵਰੇਜ ਦੀ ਤਸਦੀਕ ਕੀਤੀ ਜਾਂਦੀ ਹੈ, ਤੁਹਾਡਾ Medi-Cal ਡੈਂਟਲ ਪ੍ਰਦਾਤਾ ਤੁਹਾਨੂੰ ਨਕਦ ਦੇਣ ਵਾਲੇ ਮਰੀਜ਼ ਵਜੋਂ ਨਹੀਂ ਮੰਨ ਸਕਦਾ। ਉਹ ਤੁਹਾਨੂੰ Medi-Cal ਦੁਆਰਾ ਕਵਰ ਕੀਤੀ ਸੇਵਾ ਦੀਆਂ ਸਾਰੀਆਂ ਜਾਂ ਕੁਝ ਲਾਗਤਾਂ ਲਈ ਬਿੱਲ ਨਹੀਂ ਪਾ ਸਕਦੇ, ਸਿਵਾਏ Medi-Cal ਦੇ ਸਹਿ-ਭੁਗਤਾਨ ਜਾਂ ਲਾਗਤ ਦੇ ਹਿੱਸੇ ਨੂੰ ਇਕੱਤਰ ਕਰਨ ਦੇ। ਉਦਾਹਰਨ ਲਈ, ਜੇ ਤੁਹਾਡੇ ਕੋਲ ਲਾਗਤ ਦਾ ਹਿੱਸਾ ਹੈ, ਤੁਹਾਨੂੰ ਉਸ ਰਕਮ ਦਾ ਭੁਗਤਾਨ Medi-Cal ਦੁਆਰਾ ਇਲਾਜ ਦਾ ਭੁਗਤਾਨ ਕਰਨ ਤੋਂ ਪਹਿਲਾਂ ਕਰਨਾ ਹੋਵੇਗਾ।

ਕੀ ਹੋਵੇਗਾ ਜੇਕਰ ਮੇਰੇ ਕੋਲ ਕੋਈ ਦੂਜਾ ਡੈਂਟਲ ਬੀਮਾ ਹੈ?

ਜੇ ਤੁਹਾਡੇ ਕੋਲ ਦੂਜਾ ਡੈਂਟਲ ਬੀਮਾ ਹੈ, ਡੈਂਟਲ ਆਫ਼ਿਸ ਲਈ ਜ਼ਰੂਰੀ ਹੈ ਕਿ Medi-Cal ਨੂੰ ਤੁਹਾਡੇ ਇਲਾਜ ਲਈ ਭੁਗਤਾਨ ਕਰਨ ਲਈ ਕਹਿਣ ਤੋਂ ਪਹਿਲਾਂ ਤੁਹਾਡੇ ਦੂਜੇ ਡੈਂਟਲ ਬੀਮਾ ਨੂੰ ਬਿੱਲ ਭੇਜੇ। ਡੈਂਟਲ ਆਫ਼ਿਸ ਤੁਹਾਨੂੰ ਨਿੱਜੀ ਬੀਮਾ ਲਾਗਤ-ਸਾਂਝ ਰਕਮਾਂ ਲਈ ਖਰਚਾ ਨਹੀਂ ਪਾ ਸਕਦਾ। ਇਸ ਵਿੱਚ ਕਟੌਤੀ-ਯੋਗ ਰਕਮਾਂ, ਸਹਿ-ਬੀਮਾ, ਜਾਂ ਸਹਿ-ਭੁਗਤਾਨ ਸ਼ਾਮਲ ਹੁੰਦੇ ਹਨ।

Medi-Cal ਕਿਸੇ ਹੋਰ ਫਾਇਦੀਆਂ ਲਈ ਭੁਗਤਾਨ ਨਹੀਂ ਕਰ ਕਰਦਾ ਜੋ ਤੁਸੀਂ ਦੂਜੇ ਡੈਂਟਲ ਬੀਮਾ ਦੁਆਰਾ ਹਾਸਲ ਕਰ ਸਕਦੇ ਹੋ। ਇਸ ਵਿੱਚ ਦੂਜੇ ਸਰਕਾਰੀ ਪ੍ਰੋਗਰਾਮ, TRICARE (CHAMPUS), ਜਾਂ ਕਰਮਚਾਰੀਆਂ ਦਾ ਮੁਆਵਜ਼ਾ ਸ਼ਾਮਲ ਹੁੰਦਾ ਹੈ। Medi-Cal ਦੇ ਤਹਿਤ ਪ੍ਰਦਾਨ ਕੀਤੀ ਗਈ ਕਵਰੇਜ ਹੋਰ ਸਭ ਕਵਰੇਜ ਲਈ ਸਕੈਂਡਰੀ ਹੁੰਦੀ ਹੈ।

ਜੇਕਰ ਤੁਹਾਡੇ ਕੋਲ ਹੋਰ ਡੈਂਟਲ ਬੀਮਾ ਹੈ ਜੋ Medi-Cal ਦੁਆਰਾ ਕਵਰ ਕੀਤੀ ਜਾਣ ਵਾਲੀ ਡੈਂਟਲ ਸੇਵਾ ਲਈ ਭੁਗਤਾਨ ਨਹੀਂ ਕਰਦਾ ਹੈ, ਜਾਂ Medi-Cal ਡੈਂਟਲ ਦੁਆਰਾ ਭੁਗਤਾਨ ਕੀਤੀ ਗਈ ਰਕਮ ਤੋਂ ਘੱਟ ਭੁਗਤਾਨ ਕਰਦਾ ਹੈ, ਤਾਂ ਤੁਹਾਡਾ ਡੈਂਟਲ ਪ੍ਰਦਾਤਾ ਭੁਗਤਾਨ ਨਾ ਕੀਤੀ ਗਈ ਕਿਸੇ ਵੀ ਰਕਮ ਲਈ Medi-Cal ਡੈਂਟਲ ਨੂੰ ਇੱਕ ਦਾਅਵਾ ਭੇਜੇਗਾ। ਤੁਹਾਡਾ ਡੈਂਟਲ ਪ੍ਰਦਾਤਾ ਤੁਹਾਨੂੰ ਅਜਿਹੇ ਕਿਸੇ ਵੀ ਇਲਾਜ ਲਈ ਭੁਗਤਾਨ ਕਰਨ ਵਾਸਤੇ ਨਹੀਂ ਕਹਿ ਸਕਦਾ ਜੋ Medi-Cal ਡੈਂਟਲ ਦੁਆਰਾ ਕਵਰ ਕੀਤਾ ਜਾਂਦਾ ਹੈ। ਕਿਰਪਾ ਕਰਕੇ ਇਸ ਹੈਂਡਬੁੱਕ ਵਿੱਚ ਇਸ ਹੇਠਾਂ ਜਾਣਕਾਰੀ ਨੂੰ ਪੜ੍ਹੋ: ***ਜੇ ਮੈਨੂੰ ਡੈਂਟਲ ਪ੍ਰਦਾਤਾ ਤੋਂ ਬਿੱਲ ਮਿਲਦਾ ਹੈ ਤਾਂ ਕੀ ਹੋਏਗਾ?***, ਇਹ ਜਾਣਨ ਲਈ ਕਿ ਜੇ ਇਹ ਹੁੰਦਾ ਹੈ ਤਾਂ ਤੁਸੀਂ ਕੀ ਕਰ ਸਕਦੇ ਹੋ।

ਆਵਾਜਾਈ ਅਤੇ ਹੋਰ ਸੇਵਾਵਾਂ

ਜੇ ਮੈਨੂੰ ਡੈਂਟਲ ਪ੍ਰਦਾਤਾ ਦੇ ਦਫ਼ਤਰ ਲਈ ਸਵਾਰੀ ਦੀ ਲੋੜ ਹੈ ਤਾਂ ਕੀ ਹੋਵੇਗਾ?

Medi-Cal ਸਵਾਰੀਆਂ ਨੂੰ ਲੈ ਕੇ ਮਦਦ ਕਰ ਸਕਦਾ ਹੈ। Medi-Cal ਦੋ ਕਿਸਮ ਦੀਆਂ ਸਵਾਰੀਆਂ ਕਵਰ ਕਰਦਾ ਹੈ। ਇੱਕ ਕਿਸਮ ਨੂੰ

ਗੈਰ-ਮੈਡੀਕਲ ਆਵਾਜਾਈ (NMT) ਕਿਹਾ ਜਾਂਦਾ ਹੈ। ਜੇਕਰ ਤੁਸੀਂ ਕਾਰ, ਬਸ, ਟ੍ਰੇਨ, ਜਾਂ ਟੈਕਸੀ 'ਤੇ ਸਫ਼ਰ ਕਰ ਸਕਦੇ ਹੋ ਪਰ ਤੁਹਾਡੀ ਮੁਲਾਕਾਤ ਲਈ ਕੋਈ ਸਵਾਰੀ ਨਹੀਂ ਹੈ, ਤਾਂ NMT ਸੇਵਾਵਾਂ ਸੈੱਟ ਅੱਪ ਕੀਤੀਆਂ ਜਾ ਸਕਦੀਆਂ ਹਨ। ਜੇਕਰ ਤੁਹਾਨੂੰ ਡਾਕਟਰ ਦੁਆਰਾ ਲਿਖੀਆਂ ਦਵਾਈਆਂ, ਮੈਡੀਕਲ ਸਪਲਾਈਆਂ ਜਾਂ ਉਪਕਰਣ ਦੀ ਚੋਣ ਕਰਨ ਦੀ ਲੋੜ ਹੈ ਤਾਂ ਤੁਸੀਂ NMT ਦੀ ਵਰਤੋਂ ਵੀ ਕਰ ਸਕਦੇ ਹੋ।

ਕਿਸੇ NMT ਸਵਾਰੀ ਦੇ ਨਾਲ ਮਦਦ ਲਈ, ਹੇਠ ਲਿਖੇ ਕਦਮਾਂ ਦਾ ਪਾਲਣ ਕਰੋ:

- ਜੇ ਤੁਹਾਨੂੰ ਕਿਸੇ ਹੈਲਥ ਪਲਾਨ ਵਿੱਚ ਭਰਤੀ ਕੀਤਾ ਜਾਂਦਾ ਹੈ, ਤਾਂ NMT ਸੇਵਾਵਾਂ ਦੇ ਨਾਲ ਮਦਦ ਲਈ ਪਲਾਨ ਦੀਆਂ ਮੈਂਬਰ ਸੇਵਾਵਾਂ ਨੂੰ ਕੱਲ ਕਰੋ।
- ਜੇ ਤੁਹਾਨੂੰ ਇੱਕ Medi-Cal ਡੈਂਟਲ Managed Care (DMC) ਪਲਾਨ ਵਿੱਚ ਭਰਤੀ ਕੀਤਾ ਜਾਂਦਾ ਹੈ, ਤਾਂ NMT ਸੇਵਾਵਾਂ ਦੇ ਨਾਲ ਮਦਦ ਲਈ ਆਪਣੇ DMC ਪਲਾਨ ਨੂੰ ਕੱਲ ਕਰੋ।
- ਜੇ ਤੁਹਾਨੂੰ ਕਿਸੇ ਹੈਲਥ ਪਲਾਨ ਜਾਂ DMC ਪਲਾਨ ਤੋਂ ਸਵਾਰੀ ਪ੍ਰਾਪਤ ਕਰਨ ਵਿੱਚ ਮੁਸ਼ਕਲ ਆਉਂਦੀ ਹੈ, ਤਾਂ 1-800-322-6384 'ਤੇ ਟੈਲੀਫ਼ੋਨ ਸੇਵਾ ਕੇਂਦਰ ਨੂੰ ਕੱਲ ਕਰੋ। ਪੰਜਾਬੀ ਲਈ, 11 ਦਬਾਓ। ਤੁਹਾਡਾ ਕਾਉਂਟੀ Medi-Cal ਆਫ਼ਿਸ ਇੱਕ NMT ਸਵਾਰੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਨ ਯੋਗ ਵੀ ਹੋ ਸਕਦਾ ਹੈ।

ਮਨਜ਼ੂਰ ਹੋਏ NMT ਪ੍ਰਦਾਤਿਆਂ ਬਾਰੇ ਹੋਰ ਜਾਣਕਾਰੀ ਚਾਹੀਦੀ ਹੈ? ਤੁਸੀਂ ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼ ਵੈੱਬਸਾਈਟ ਉੱਤੇ ਸੂਚੀ ਤਕ ਪਹੁੰਚ ਬਣਾ ਸਕਦੇ ਹੋ।

ਦੂਜੀ ਕਿਸਮ ਦੀ ਸਵਾਰੀ ਨੂੰ ਗੈਰ-ਆਪਾਤਕਾਲੀ ਮੈਡੀਕਲ ਆਵਾਜਾਈ (NEMT) ਕਹਿੰਦੇ ਹਨ। Medi-Cal ਕਿਸੇ ਮੈਡੀਕਲ ਲੋੜ ਦੇ ਆਧਾਰ ਉੱਤੇ ਯੋਗ ਮੈਂਬਰਾਂ ਨੂੰ NEMT ਸੇਵਾਵਾਂ ਪੇਸ਼ ਕਰਦਾ ਹੈ। ਤੁਹਾਡਾ ਮੈਡੀਕਲ ਜਾਂ ਡੈਂਟਲ ਪ੍ਰਦਾਤਾ ਇਹ ਫੈਸਲਾ ਲੈ ਸਕਦਾ ਹੈ ਕਿ, ਕੀ ਤੁਹਾਨੂੰ NEMT ਸੇਵਾਵਾਂ ਦੀ ਜ਼ਰੂਰਤ ਹੈ। NEMT ਸੇਵਾਵਾਂ ਇਹਨਾਂ ਸਵਾਰੀਆਂ ਨੂੰ ਕਵਰ ਕਰਦੀਆਂ ਹਨ:

- ਵ੍ਹੀਲਚੇਅਰ ਵੈਨਾਂ
- ਲਿੱਟਰ ਵੈਨਾਂ
- ਐਮਬੂਲੈਂਸ
- ਹਵਾਈ ਆਵਾਜਾਈ

ਆਪਣੀ ਨਿਰਧਾਰਤ ਮੁਲਾਕਾਤ ਤੋਂ ਪਹਿਲਾਂ ਤੁਹਾਨੂੰ ਜਿੰਨੀ ਛੇਤੀ ਤੋਂ ਛੇਤੀ ਹੋ ਸਕੇ, ਸਵਾਰੀ ਮੰਗਣੀ ਚਾਹੀਦੀ ਹੈ। ਜੇ ਤੁਹਾਡੀਆਂ ਬਹੁਤ ਸਾਰੀਆਂ ਮੁਲਾਕਾਤਾਂ ਆਉਣ ਵਾਲੀਆਂ ਹਨ ਜਾਂ ਆਉਣ ਵਾਲੀਆਂ ਹੋਣਗੀਆਂ, ਤੁਹਾਡਾ ਮੈਡੀਕਲ ਜਾਂ ਡੈਂਟਲ ਪ੍ਰਦਾਤਾ ਭਵਿੱਖੀ ਮੁਲਾਕਾਤਾਂ ਨੂੰ ਕਵਰ ਕਰਨ ਲਈ ਸਮੇਂ ਤੋਂ ਪਹਿਲਾਂ ਆਵਾਜਾਈ ਲਈ ਮੰਗ ਕਰ ਸਕਦਾ ਹੈ।

ਕਿਸੇ NMT ਸਵਾਰੀ ਦੇ ਨਾਲ ਮਦਦ ਲਈ, ਹੇਠ ਲਿਖੇ ਕਦਮਾਂ ਦਾ ਪਾਲਣ ਕਰੋ:

- ਜੇ ਤੁਸੀਂ ਇੱਕ DMC ਪਲਾਨ ਵਿੱਚ ਭਰਤੀ ਹੁੰਦੇ ਹੋ, NEMT ਸੇਵਾਵਾਂ ਦੇ ਨਾਲ ਮਦਦ ਲਈ ਆਪਣੀਆਂ ਮੈਂਬਰ ਸੇਵਾਵਾਂ ਨੂੰ ਕਾਲ ਕਰੋ। ਤੁਹਾਨੂੰ ਇੱਕ ਲਸੰਸਸ਼ੁਦਾ ਪ੍ਰਦਾਤੇ ਤੋਂ ਦਵਾਈ ਲਿਖਵਾਉਣ ਦੀ ਲੋੜ ਹੋਵੇਗੀ।
- ਜੇ ਤੁਸੀਂ Fee-For-Service Medi-Cal ਵਿੱਚ ਭਰਤੀ ਹੁੰਦੇ ਹੋ, ਕਿਰਪਾ ਕਰਕੇ ਆਪਣੇ ਡੈਂਟਲ ਪ੍ਰਦਾਤੇ ਨੂੰ ਦੱਸੋ ਅਤੇ ਉਹ NEMT ਰਾਈਡ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਨਗੇ ਜਾਂ Medi-Cal San Diego ਫੀਲਡ ਆਫ਼ਿਸ ਨੂੰ 1-858-495-3666 'ਤੇ ਕਾਲ ਕਰੋ।

ਜੇਕਰ ਮੈਨੂੰ ਸੁਣਨ ਜਾਂ ਬੋਲਣ ਵਿੱਚ ਸਮੱਸਿਆ ਹੋਵੇ ਤਾਂ ਕੀ ਹੋਵੇਗਾ ?

ਜੇਕਰ ਤੁਹਾਨੂੰ ਸੁਣਨ ਜਾਂ ਬੋਲਣ ਦੀਆਂ ਕਮੀਆਂ ਹਨ ਤਾਂ ਸਾਡੀ TTY ਲਾਈਨ 1 800 735 2922 'ਤੇ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਸਾਨੂੰ ਕਾਲ ਕਰੋ। ਹੋਰ ਸਾਰੇ ਸਮਿਆਂ ਲਈ, ਮਦਦ ਪ੍ਰਾਪਤ ਕਰਨ ਲਈ, ਕਿਰਪਾ ਕਰਕੇ California ਰਿਲੇ ਸਰਵਿਸ TDD/TTY ਨੂੰ 711 'ਤੇ ਕਾਲ ਕਰੋ। ਅਮਰੀਕਨ ਸਾਈਨ ਲੈਂਗਵੇਜ਼ (ASL) ਅਨੁਵਾਦ ਸੇਵਾਵਾਂ ਕਨੂੰਨ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ASL ਸਹਾਇਤਾ ਲਈ ਬੇਨਤੀ ਕਰਦੇ ਸਮੇਂ, ਕਿਰਪਾ ਕਰਕੇ ਅੱਗੇ ਦਿੱਤੀ ਜਾਣਕਾਰੀ ਉਪਲਬਧ ਰੱਖੋ:

- ਮੁਲਾਕਾਤ ਦੀ ਮਿਤੀ
- ਮੁਲਾਕਾਤ ਦਾ ਸ਼ੁਰੂਆਤੀ ਅਤੇ ਸਮਾਪਤੀ ਸਮਾਂ
- ਮੁਲਾਕਾਤ ਦੀ ਕਿਸਮ (ਉਦਾਹਰਨ ਲਈ: ਡੈਂਟਲ ਮੁਲਾਕਾਤ, ਸਰਜੀਕਲ ਮੁਲਾਕਾਤ, ਸਲਾਹ, ਆਦਿ)
- ਵਿਅਕਤੀ ਦਾ ਨਾਮ ਜਿਸਨੂੰ ASL ਸੇਵਾਵਾਂ ਦੀ ਜ਼ਰੂਰਤ ਹੈ ਅਤੇ ਉਹਨਾਂ ਦੀ ਮੈਂਬਰ ਪਛਾਣ
- ਆਫ਼ਿਸ ਸਥਾਨ ਦਾ ਪਤਾ ਅਤੇ ਫ਼ੋਨ ਨੰਬਰ
- ਆਫ਼ਿਸ ਸੰਪਰਕ ਵਿਅਕਤੀ ਨਾਮ

ਕੀ ਹੋਵੇਗਾ ਜੇਕਰ ਮੈਂ ਵੇਖਣ ਵਿੱਚ ਸਮਰੱਥ ਨਹੀਂ ਹਾਂ?

ਵੇਖਣ ਵਿੱਚ ਅਸਮਰੱਥ ਵਿਅਕਤੀਆਂ ਲਈ ਇਹ ਹੈਂਡਬੁੱਕ ਅਤੇ ਹੋਰ ਮਹੱਤਵਪੂਰਨ ਸਮੱਗਰੀਆਂ ਵੱਖ-ਵੱਖ ਫਾਰਮੇਟਾਂ ਵਿੱਚ ਉਪਲਬਧ ਕਰਵਾਈਆਂ ਜਾਣਗੀਆਂ। ਹੋਰ ਫੌਰਮੈਟਾਂ, ਜਾਂ ਇਹ ਹੈਂਡਬੁੱਕ ਜਾਂ ਹੋਰ Medi-Cal ਡੈਂਟਲ ਸਮੱਗਰੀਆਂ ਨੂੰ ਪੜ੍ਹਨ ਵਿੱਚ ਮਦਦ ਲਈ ਕਿਰਪਾ ਕਰਕੇ ਟੈਲੀਫ਼ੋਨ ਸੇਵਾ ਕੇਂਦਰ ਨੂੰ ਕਾਲ ਕਰੋ। ਪੰਜਾਬੀ ਲਈ, 11 ਦਬਾਓ।

ਕੀ ਹੋਵੇਗਾ ਜੇਕਰ ਮੈਨੂੰ ਕੋਈ ਮੈਡੀਕਲ ਸਥਿਤੀ ਜਾਂ ਹੋਰ ਸਮੱਸਿਆ ਹੈ ਜੋ ਮੇਰੇ ਲਈ ਡੈਂਟਲ ਦੇਖਭਾਲ ਪ੍ਰਾਪਤ ਕਰਨਾ ਮੁਸ਼ਕਲ ਬਣਾਉਂਦੀ ਹੈ?

ਕਿਰਪਾ ਕਰਕੇ ਟੈਲੀਫ਼ੋਨ ਸੇਵਾ ਕੇਂਦਰ (TSC) ਨੂੰ ਕਾੱਲ ਕਰੋ। ਪੰਜਾਬੀ ਲਈ, 11 ਦਬਾਓ। TSC ਨੁਮਾਇੰਦੇ ਅਜਿਹਾ ਡੈਂਟਲ ਪ੍ਰਦਾਤਾ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਜੋ ਤੁਹਾਡਾ ਇਲਾਜ ਕਰ ਸਕਦਾ ਹੈ। ਜੇਕਰ ਲੋੜ ਹੁੰਦੀ ਹੈ ਤਾਂ ਉਹ ਤੁਹਾਡੇ ਮੈਡੀਕਲ ਪ੍ਰਦਾਤਾ ਨਾਲ ਤੁਹਾਡੀ ਦੇਖਭਾਲ ਦਾ ਤਾਲਮੇਲ ਕਰਨ ਵਿੱਚ ਵੀ ਮਦਦ ਕਰ ਸਕਦੇ ਹਨ।

ਕੀ ਹੋਵੇਗਾ ਜੇਕਰ ਮੈਨੂੰ ਅਜਿਹੀ ਸਰੀਰਕ ਸਮੱਸਿਆ ਹੈ ਜੋ ਮੇਰੇ ਲਈ ਇੱਕ ਡੈਂਟਲ ਪ੍ਰਦਾਤਾ ਨੂੰ ਵਿਖਾਉਣ ਵਿੱਚ ਔਖ ਪੈਦਾ ਕਰਦੀ ਹੈ?

ਅਸੀਂ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਦੇ ਹਾਂ ਕਿ Medi-Cal ਡੈਂਟਲ ਪ੍ਰਦਾਤਿਆਂ ਦੇ ਆਫ਼ਿਸ ਅਤੇ ਸੁਵਿਧਾਵਾਂ ਅਪੰਗਾਂ ਲਈ ਸਰੀਰਕ ਤੌਰ 'ਤੇ ਪਹੁੰਚਯੋਗ ਹੋਣ। ਜੇ ਤੁਸੀਂ ਕਿਸੇ ਪਹੁੰਚਯੋਗ ਡੈਂਟਲ ਆਫ਼ਿਸ ਦਾ ਪਤਾ ਲਗਾਉਣ ਲਈ ਯੋਗ ਨਹੀਂ ਹੁੰਦੇ ਹੋ, ਕਿਰਪਾ ਕਰਕੇ ਮਦਦ ਲਈ ਟੈਲੀਫ਼ੋਨ ਸੇਵਾ ਕੇਂਦਰ ਨੂੰ ਕਾੱਲ ਕਰੋ। ਪੰਜਾਬੀ ਲਈ, 11 ਦਬਾਓ।

ਮਾਮਲੇ ਦਾ ਪ੍ਰਬੰਧ ਕਰਨਾ

ਮਾਮਲੇ ਦਾ ਪ੍ਰਬੰਧ ਕਰਨ ਵਾਲਾ ਪ੍ਰੋਗਰਾਮ ਕੀ ਹੈ?

ਮਾਮਲੇ ਦਾ ਪ੍ਰਬੰਧ ਕਰਨਾ ਮਾਨਸਿਕ, ਸਰੀਰਕ, ਅਤੇ/ਜਾਂ ਵਿਵਹਾਰ ਸੰਬੰਧੀ ਅਸਮਰੱਥਤਾਵਾਂ ਜਾਂ ਨਿਦਾਨ ਵਾਲੇ ਮੈਂਬਰਾਂ ਲਈ ਇੱਕ ਪ੍ਰੋਗਰਾਮ ਹੈ ਜੋ ਇੱਕ ਜਾਂ ਇੱਕ ਤੋਂ ਵੱਧ ਪ੍ਰਦਾਤਾਵਾਂ ਨਾਲ ਗੁੰਝਲਦਾਰ ਇਲਾਜ ਦਾ ਤਾਲਮੇਲ ਕਰਨ ਵਿੱਚ ਅਯੋਗ ਹੁੰਦੇ ਹਨ। ਮਾਮਲੇ ਦਾ ਪ੍ਰਬੰਧ ਕਰਨ ਵਾਲੀ ਟੀਮ ਇਹਨਾਂ ਮੈਂਬਰਾਂ ਦੀ ਇੱਕ ਜਾਂ ਇੱਕ ਤੋਂ ਵੱਧ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਸ਼ਾਮਲ ਕਰਨ ਵਾਲੇ ਗੁੰਝਲਦਾਰ ਇਲਾਜ ਪਲਾਨਾਂ ਨੂੰ ਨਿਰਧਾਰਤ ਕਰਨ ਅਤੇ ਤਾਲਮੇਲ ਕਰਨ ਵਿੱਚ ਮਦਦ ਕਰੇਗੀ।

ਮੈਂ ਮਾਮਲੇ ਦੇ ਪ੍ਰਬੰਧ ਦੀਆਂ ਸੇਵਾਵਾਂ ਕਿਵੇਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

ਮਾਮਲੇ ਦੇ ਪ੍ਰਬੰਧ ਦੀਆਂ ਸੇਵਾਵਾਂ ਪ੍ਰਾਪਤ ਕਰਨ ਲਈ, ਤੁਹਾਡੇ Medi-Cal ਡੈਂਟਲ ਪ੍ਰਦਾਤਾ, ਮੈਡੀਕਲ ਪ੍ਰਦਾਤਾ, ਕੇਸ ਮੈਨੇਜਰ, ਕੇਸ ਵਰਕਰ, ਜਾਂ ਹੋਰ ਸਿਹਤ-ਸੰਭਾਲ ਪੇਸ਼ੇਵਰ ਨੂੰ ਤੁਹਾਡੇ ਲਈ ਇੱਕ ਹਵਾਲਾ ਜ਼ਰੂਰ ਸਬਮਿਟ ਕਰਨਾ ਚਾਹੀਦਾ ਹੈ। ਇੱਕ ਵਾਰ ਤੁਹਾਡਾ ਕੇਸ ਸਵੀਕਾਰ ਕਰ ਲਿਆ ਜਾਂਦਾ ਹੈ, Medi-Cal ਮਾਮਲੇ ਦਾ ਪ੍ਰਬੰਧ ਕਰਨ ਵਾਲੀ ਟੀਮ ਤੁਹਾਡੀ ਦੇਖਭਾਲ ਦਾ ਤਾਲਮੇਲ ਕਰਨ ਵਿੱਚ ਤੁਹਾਡੀ ਮਦਦ ਕਰੇਗੀ। ਜੇ ਤੁਹਾਨੂੰ ਮਾਮਲੇ ਦਾ ਪ੍ਰਬੰਧ ਕਰਨ ਲਈ ਸੇਵਾਵਾਂ ਦੀ ਲੋੜ ਹੈ, ਕਿਰਪਾ ਕਰਕੇ ਆਪਣੇ ਡੈਂਟਲ ਪ੍ਰਦਾਤੇ ਜਾਂ ਸਿਹਤ-ਸੰਭਾਲ ਪ੍ਰਦਾਤੇ ਨਾਲ ਗੱਲ ਕਰੋ।

ਕੀ ਮਾਮਲਾ ਪ੍ਰਬੰਧਨ ਸੇਵਾਵਾਂ ਦੇਖਭਾਲ ਤਾਲਮੇਲ ਸੇਵਾਵਾਂ ਤੋਂ ਵੱਖਰੀਆਂ ਹੁੰਦੀਆਂ ਹਨ?

ਹਾਂ। ਦੇਖਭਾਲ ਤਾਲਮੇਲ ਸੇਵਾਵਾਂ ਟੈਲੀਫ਼ੋਨ ਸੇਵਾ ਕੇਂਦਰ (TSC) ਦੁਆਰਾ ਪੇਸ਼ ਕੀਤੀਆਂ ਜਾਂਦੀਆਂ ਹਨ। TSC

ਨੂੰ ਕਾੱਲ ਕਰਨ ਵਾਲੇ ਕੋਈ ਵੀ Medi-Cal ਮੈਂਬਰ ਆਪਣੀ ਸਿਹਤ ਸਥਿਤੀ ਤੋਂ ਬੇਪਰਵਾਹ ਦੇਖਭਾਲ ਤਾਲਮੇਲ ਸੇਵਾਵਾਂ ਪ੍ਰਾਪਤ ਕਰ ਸਕਦਾ ਹੈ। ਦੇਖਭਾਲ ਤਾਲਮੇਲ ਸੇਵਾਵਾਂ Medi-Cal ਮੈਂਬਰਾਂ ਨੂੰ ਕਾੱਲ ਕਰਨ ਅਤੇ ਸਾਡੇ TSC ਨੁਮਾਇੰਦਿਆਂ ਦੇ ਨਿਰਦੇਸ਼ ਅਤੇ ਸਮਰਥਨ ਦੇ ਨਾਲ ਡੈਂਟਲ ਸੇਵਾਵਾਂ ਤਕ ਪਹੁੰਚ ਹਾਸਲ ਕਰਨ ਦੀ ਇਜਾਜ਼ਤ ਦਿੰਦੀਆਂ ਹਨ।

ਇਸ ਉੱਤੇ ਵਧੇਰੀ ਜਾਣਕਾਰੀ ਲਈ ਕਿ TSC ਤੁਹਾਡੀ ਮਦਦ ਕਿਵੇਂ ਕਰ ਸਕਦਾ ਹੈ, ਕਿਰਪਾ ਕਰਕੇ ਇਸ ਹੈਂਡਬੁੱਕ ਵਿੱਚ **ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ** ਖੰਡ ਨੂੰ ਪੜ੍ਹੋ।

ਸ਼ਿਕਾਇਤ ਪ੍ਰਕਿਰਿਆ

ਸਾਡੇ ਕੋਲ ਇਹਨਾਂ ਬਾਰੇ ਸ਼ਿਕਾਇਤਾਂ ਨੂੰ ਸੁਲਝਾਉਣ ਲਈ ਕਾਰਜਵਿਧੀਆਂ ਹੁੰਦੀਆਂ ਹਨ:

- ਡੈਂਟਲ ਸੇਵਾਵਾਂ
- ਦੇਖਭਾਲ ਦੀ ਗੁਣਵੱਤਾ
- ਇਲਾਜ ਅਧਿਕਾਰ-ਸੌਂਪਣੀ ਬੇਨਤੀ ਵਿੱਚ ਬਦਲਾਵ ਜਾਂ ਇਨਕਾਰ
- Medi-Cal ਡੈਂਟਲ ਦੇ ਤਹਿਤ ਪ੍ਰਦਾਨ ਕੀਤੀਆਂ ਸੇਵਾਵਾਂ ਦੇ ਹੋਰ ਪ੍ਰਕਾਰ

ਸ਼ਿਕਾਇਤਾਂ ਦੀਆਂ ਉਦਾਹਰਨਾਂ:

- ਤੁਸੀਂ ਕੋਈ ਸੇਵਾ, ਇਲਾਜ, ਜਾਂ ਆਪਣੀ ਲੋੜੀਂਦੀ ਦਵਾਈ ਪ੍ਰਾਪਤ ਨਹੀਂ ਕਰ ਸਕਦੇ
- ਇੱਕ ਸੇਵਾ ਲਈ ਮੈਡੀਕਲ ਤੌਰ 'ਤੇ ਜ਼ਰੂਰੀ ਨਹੀਂ ਹੋਣ ਕਰਕੇ ਇਨਕਾਰ ਕੀਤਾ ਜਾਂਦਾ ਹੈ
- ਤੁਹਾਨੂੰ ਮੁਲਾਕਾਤ ਲਈ ਕਾਫ਼ੀ ਦੇਰ ਉਡੀਕਣਾ ਪੈਂਦਾ ਹੈ
- ਤੁਹਾਨੂੰ ਖਰਾਬ ਦੇਖਭਾਲ ਪ੍ਰਾਪਤ ਹੋਈ ਸੀ ਜਾਂ ਰੁੱਖਾ ਵਿਹਾਰ ਕੀਤਾ ਗਿਆ ਸੀ
- ਤੁਹਾਡੇ ਤੋਂ ਦੰਦਾਂ ਦੀ ਕਵਰ ਕੀਤੀ ਸੇਵਾ ਲਈ ਡੈਂਟਲ ਆਫ਼ਿਸ ਵਿੱਚ ਪੈਸਾ ਵਸੂਲਿਆ ਗਿਆ ਸੀ
- ਤੁਹਾਡਾ ਡੈਂਟਲ ਆਫ਼ਿਸ ਤੁਹਾਨੂੰ ਅਜਿਹਾ ਬਿੱਲ ਭੇਜਣਾ ਜਾਰੀ ਰੱਖਦਾ ਹੈ, ਜਿਸ ਬਾਰੇ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਭੁਗਤਾਨ ਨਹੀਂ ਕਰਨਾ ਚਾਹੀਦਾ

ਜੇਕਰ Medi-Cal ਡੈਂਟਲ ਮੇਰੇ ਪ੍ਰਦਾਤੇ ਤੋਂ ਮੰਗੀ ਜਾਣ ਵਾਲੀ ਸੇਵਾ ਨੂੰ ਅਸਵੀਕਾਰ ਜਾਂ ਸੀਮਿਤ ਕਰਦਾ ਹੈ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?

ਜੇਕਰ ਤੁਹਾਨੂੰ ਕਿਸੇ ਸੇਵਾ ਲਈ ਇਨਕਾਰ ਜਾਂ ਸੀਮਿਤ ਕਰ ਦਿੱਤਾ ਗਿਆ ਹੈ ਜਿਸ ਲਈ ਤੁਹਾਡੇ ਡੈਂਟਲ ਪ੍ਰਦਾਤੇ ਨੇ ਮਨਜ਼ੂਰੀ ਲਈ ਬੇਨਤੀ ਕੀਤੀ ਹੈ, ਤਾਂ ਆਪਣੇ ਡੈਂਟਲ ਪ੍ਰਦਾਤੇ ਨਾਲ ਸੰਪਰਕ ਕਰੋ ਅਤੇ ਪੁੱਛੋ ਕਿ ਕੀ ਡੈਂਟਲ ਪ੍ਰਦਾਤਾ ਫਿਰ ਤੋਂ ਮੁਲਾਂਕਣ ਦੀ ਬੇਨਤੀ ਕਰ ਸਕਦਾ ਹੈ ਜਾਂ ਕੀ ਉਹ ਨਵੀਂ ਇਲਾਜ ਅਧਿਕਾਰ-ਸੌਂਪਣੀ ਬੇਨਤੀ ਸਬਮਿਟ ਕਰ ਸਕਦੇ ਹਨ।

ਜੇ ਇਲਾਜ ਬਦਲਿਆ ਜਾਂ ਅਸਵੀਕਾਰ ਹੋਇਆ ਹੈ, ਅਸੀਂ ਡੈਂਟਲ ਪ੍ਰਦਾਤੇ ਨੂੰ ਇਸਦਾ(ਦੇ) ਕਾਰਨ ਦਿੰਦੇ ਹਾਂ। ਡੈਂਟਲ ਪ੍ਰਦਾਤਾ ਸਾਨੂੰ NOA ਵਾਪਸ ਕਰਕੇ ਇਹ ਬੇਨਤੀ ਕਰ ਸਕਦਾ ਹੈ ਕਿ ਇਲਾਜ ਨੂੰ ਦੁਬਾਰਾ ਦੇਖਿਆ ਜਾਵੇ। ਡੈਂਟਲ ਪ੍ਰਦਾਤਾ ਇੱਕ ਵੱਖਰੀ ਅਪੀਲ ਕਿਰਿਆ ਦੁਆਰਾ ਬਦਲੇ ਗਏ ਜਾਂ ਅਸਵੀਕਾਰ ਕੀਤੇ ਇਲਾਜ ਲਈ ਅਪੀਲ ਵੀ ਕਰ ਸਕਦਾ ਹੈ।

ਮੈਨੂੰ ਕਿਵੇਂ ਪਤਾ ਲੱਗੇਗਾ ਕਿ Medi-Cal ਡੈਂਟਲ ਨੇ ਸੇਵਾ ਅਸਵੀਕਾਰ ਜਾਂ ਸੀਮਿਤ ਕਰ ਦਿੱਤੀ ਹੈ?

ਜੇ ਤੁਹਾਡੇ ਦੰਦਾਂ ਦੇ ਇਲਾਜ ਲਈ ਬੇਨਤੀ ਅਸਵੀਕਾਰ ਕੀਤੀ ਜਾਂ ਬਦਲੀ ਜਾਂਦੀ ਹੈ, ਤੁਸੀਂ Medi-Cal ਡੈਂਟਲ ਐਕਸ਼ਨ ਨੋਟਿਸ ਪ੍ਰਾਪਤ ਕਰੋਗੇ। ਇਹ ਨੋਟਿਸ ਤੁਹਾਨੂੰ ਦੱਸਦਾ ਹੈ ਕਿ ਡੈਂਟਲ ਸੇਵਾ ਸਥਗਿਤ ਕੀਤੀ, ਬਦਲੀ, ਜਾਂ ਅਸਵੀਕਾਰ ਕਿਉਂ ਕੀਤੀ ਗਈ ਹੈ। ਇਹ ਤੁਹਾਨੂੰ ਇਹ ਵੀ ਦੱਸਦਾ ਹੈ ਕਿ ਜੇ ਤੁਸੀਂ ਸਹਿਮਤ ਨਹੀਂ ਹੁੰਦੇ ਤਾਂ ਤੁਸੀਂ ਕੀ ਕਰ ਸਕਦੇ ਹੋ।

- **ਸਥਗਿਤ** – ਦਰੁਸਤੀ ਲਈ ਡੈਂਟਲ ਪ੍ਰਦਾਤੇ ਨੂੰ ਵਾਪਸ ਕੀਤਾ ਡੈਂਟਲ ਪ੍ਰਦਾਤੇ ਕੋਲ ਦਰੁਸਤੀ(ਆਂ) ਨੂੰ ਵਾਪਸ ਕਰਨ ਲਈ 45 ਦਿਨ ਹੁੰਦੇ ਹਨ। ਜੇ ਪ੍ਰਦਾਤਾ ਜਵਾਬ ਨਹੀਂ ਦਿੰਦਾ ਹੈ, ਅਸੀਂ ਤੁਹਾਨੂੰ ਜਾਣਕਾਰੀ ਦੇਣ ਲਈ ਇੱਕ ਹੋਰ Medi-Cal ਡੈਂਟਲ ਐਕਸ਼ਨ ਨੋਟਿਸ ਭੇਜਾਂਗੇ।
- **ਬਦਲੀ ਗਈ** – ਸੇਵਾ ਮਨਜ਼ੂਰ ਹੋਈ ਹੈ ਪਰ ਡੈਂਟਲ ਪ੍ਰਦਾਤੇ ਦੁਆਰਾ ਕੀਤੀ ਬੇਨਤੀ ਤੋਂ ਵੱਖਰੀ ਹੈ।
- **ਅਸਵੀਕਾਰ ਕੀਤੀ ਗਈ**– ਸੇਵਾ ਮਨਜ਼ੂਰ ਨਹੀਂ ਹੋਈ ਹੈ।

ਤੁਹਾਨੂੰ Medi-Cal ਡੈਂਟਲ ਐਕਸ਼ਨ ਨੋਟਿਸ ਫਾਰਮ ਅਤੇ ਐਕਸ਼ਨ ਕੋਡਜ਼ ਲਈ ਕਾਰਨ ਇਨਸਰਟ ਅਗਲੇ ਪੰਨੇ ਉੱਤੇ ਮਿਲ ਸਕਦਾ ਹੈ। ਤੁਸੀਂ ਫਾਰਮ ਨੂੰ 18 ਹੋਰ ਭਾਸ਼ਾਵਾਂ ਵਿੱਚ *Smile, California* ਮੈਂਬਰਾਂ ਲਈ ਪੰਨੇ 'ਤੇ ਵੀ ਲੱਭ ਸਕਦੇ ਹੋ।

ਐਕਸ਼ਨ ਕੋਡ ਲਈ ਕਾਰਨ ਇਨਸਰਟ ਤੁਹਾਨੂੰ ਪ੍ਰਾਪਤ ਹੋਣ ਵਾਲੇ ਹਰ ਨੋਟਿਸ ਦੇ ਨਾਲ ਭੇਜਿਆ ਜਾਂਦਾ ਹੈ। ਇਹ ਤੁਹਾਡੇ ਨੋਟਿਸ ਵਿੱਚ ਸੂਚੀਬੱਧ ਹਰ ਕੋਡ ਲਈ ਵੇਰਵੇ ਪ੍ਰਦਾਨ ਕਰਦਾ ਹੈ। ਇਹ ਵੇਰਵੇ Medi-Cal ਡੈਂਟਲ ਦੁਆਰਾ ਕੀਤੀ ਗਈ ਕਾਰਵਾਈ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨਗੇ। ਜੇ ਤੁਹਾਡੇ ਕੋਲ ਨੋਟਿਸ ਬਾਰੇ ਕੋਈ ਸਵਾਲ ਹਨ ਤਾਂ ਤੁਹਾਨੂੰ ਆਪਣੇ ਡੈਂਟਲ ਪ੍ਰਦਾਤੇ ਨਾਲ ਗੱਲ ਕਰਨੀ ਚਾਹੀਦੀ ਹੈ, ਜਾਂ ਤੁਸੀਂ ਟੈਲੀਫ਼ੋਨ ਸੇਵਾ ਕੇਂਦਰ ਨੂੰ ਕਾੱਲ ਕਰ ਸਕਦੇ ਹੋ। ਪੰਜਾਬੀ ਲਈ, 11 ਦਬਾਓ।

ਇਸ ਬਾਰੇ ਜਾਣਕਾਰੀ ਲਈ ਕਿ ਜੇ ਤੁਸੀਂ ਕਿਸੇ ਵੀ ਬਦਲੀ ਗਈ ਜਾਂ ਅਸਵੀਕਾਰ ਕੀਤੀ ਸੇਵਾ ਦੇ ਨਾਲ ਅਸਹਿਮਤ ਹੁੰਦੇ ਹੋ ਤਾਂ ਕੀ ਕਰਨਾ ਹੈ, ਕਿਰਪਾ ਕਰਕੇ ਇਸ ਹੈਂਡਬੁੱਕ ਦੇ **ਰਾਜ ਦੀ ਸੁਣਵਾਈ ਕਿਰਿਆ** ਖੰਡ ਦੀ ਸਮੀਖਿਆ ਕਰੋ।

DHCS | Medi-Cal Dental

MEDI-CAL DENTAL ACTION ਦਾ ਨੋਟਿਸ ਇਹ
ਕੋਈ ਬਿਲ ਨਹੀਂ ਹੈ

ਸੇਵਾ ਦਫ਼ਤਰ ਦਾ ਨਾਂ:

MEDS
ਆਈਡੀ:
DCN:
MRDCN:

ਪੰਨਾ ਕੁੱਲ
ਬੇਨਤੀ ਦੀ ਤਾਰੀਖ਼: ਮੈਂਬਰ
ਦਾ ਨਾਂ:

Medi-Cal Dental ਨੇ ਸਿਰਲੇਖ 22, ਕੈਲੀਫੋਰਨੀਆ ਕੋਡ ਆਫ ਰੈਗੂਲੇਸ਼ੰਜ਼, ਸੈਕਸ਼ਨ 51003, 51307, ਅਤੇ ਮੈਨੁਅਲ ਆਫ ਕ੍ਰਾਇਟੇਰਿਆ ਦੇ ਮੁਤਾਬਕ ਤੁਹਾਡੇ ਇਲਾਜ ਲਈ ਤੁਹਾਡੇ ਦੰਤ-ਚਿਕਿਤਸਕ ਦੀ ਬੇਨਤੀ ਨੂੰ ਪ੍ਰੋਸੈੱਸ ਕੀਤਾ ਹੈ। ਆਈਟਮਾਂ ਘੱਟੋ-ਘੱਟ ਇੱਕ ਨੂੰ ਮੰਜ਼ੂਰੀ ਨਹੀਂ ਦਿੱਤੀ ਜਾ ਸਕਦੀ ਜਾਂ ਸੰਸ਼ੋਧਣ ਦੀ ਲੋੜ ਹੈ। ਕਿਰਪਾ ਕਰਕੇ ਸੂਚੀਬੱਧ REASON FOR ACTION CODE(S) (ਕਾਰਵਾਈ ਦੇ ਕਾਰਨ ਦਾ(ਦੇ) ਕੋਡ) ਦੇ ਸਪਸ਼ਟੀਕਰਨ ਲਈ ਨੱਥੀ ਕੀਤੀ ਸੂਚੀ ਦੇਖੋ। ਇਸਤੋਂ ਇਲਾਵਾ, ਖਾਸ ਨਿਮਨਤਮ ਲੋੜਾਂ ਨੂੰ Medi-Cal Dental ਦੀ ਪ੍ਰਦਾਤਾ ਹੈਂਡਬੁਕ ਵਿੱਚ ਦੇਖਿਆ ਜਾ ਸਕਦਾ ਹੈ, ਜੋ ਹੇਠਾਂ ਸੂਚੀਬੱਧ ਖਾਸ ਪ੍ਰਕਿਰਿਆ ਸੰਖਿਆ ਦੇ ਤਹਿਤ "MANUAL OF CRITERIA" (ਮਾਪਦੰਡਾਂ ਦੀ ਪੁਸਤਿਕਾ) ਸਿਰਲੇਖ ਸੈਕਸ਼ਨ 5 ਦੇ ਤਹਿਤ ਹੈ। ਕਿਸੇ ਵੀ Medi-Cal ਦੰਤ-ਚਿਕਿਤਸਕ ਦੇ ਦਫ਼ਤਰ ਤੋਂ ਇਸਦੀ ਕਾਪੀ ਮਿਲ ਸਕਦੀ ਹੈ।

ਦੰਦ # ਜਾਂ ਆਰਕ	ਇਲਾਜ ਦਾ ਵੇਰਵਾ	ਕਾਰਜਵਿਧੀ ਸੰਖਿਆ	Medi-Cal Dental Action	ਕਾਰਵਾਈ ਦੇ ਕਾਰਨ ਦਾ(ਦੇ) ਕੋਡ (ਸਪਸ਼ਟੀਕਰਨ ਲਈ ਨੱਥੀ ਦਸਤਾਵੇਜ਼ ਦੇਖੋ)

Sample

- ਤੁਸੀਂ Medi-Cal Dental ਪ੍ਰੋਗਰਾਮ ਦੇ ਤਹਿਤ ਅਨੁਮਤੀ-ਯੋਗ ਸਭ ਤੋਂ ਚੰਗੀ ਦੇਖਭਾਲ ਪ੍ਰਾਪਤ ਕਰਨ ਲਈ ਆਪਣੇ ਦੰਤ-ਚਿਕਿਤਸਕ ਦੇ ਨਾਲ ਵੱਖ-ਵੱਖ ਇਲਾਜ ਯੋਜਨਾਵਾਂ ਦੀ ਚਰਚਾ ਕਰ ਸਕਦੇ ਹੋ।
- ਜੇ ਤੁਹਾਡੇ ਕੋਲ ਇਸ ਕਿਰਿਆ ਦੇ ਬਾਰੇ ਕੋਈ ਸਵਾਲ ਹੈ, ਤਾਂ ਕਿਰਪਾ ਕਰਕੇ ਵਧੇਰੇ ਵਿਸਤਾਰਿਤ ਵੇਰਵੇ ਲਈ ਆਪਣੇ ਦੰਤ-ਚਿਕਿਤਸਕ ਜਾਂ Medi-Cal Dental ਨਾਲ 1-800-322-6384 'ਤੇ ਸੰਪਰਕ ਕਰੋ।
- ਜੇ ਤੁਸੀਂ ਇਸ ਨੋਟਿਸ ਉੱਤੇ ਵਰਣਿਤ ਕਾਰਵਾਈ ਤੋਂ ਅਸੰਤੁਸ਼ਟ ਹੋ, ਤਾਂ ਤੁਸੀਂ ਨੋਟਿਸ ਦੀ ਤਾਰੀਖ਼ ਦੇ 90 ਦਿਨਾਂ ਦੇ ਅੰਦਰ ਸਟੇਟ ਹਿਅਰਿੰਗ (ਰਾਜਸੀ ਸੁਣਵਾਈ) ਦੀ ਬੇਨਤੀ ਕਰ ਸਕਦੇ ਹੋ। ਸੁਣਵਾਈ ਦਰਜ ਕਰਵਾਉਣ ਦੀ ਜਾਣਕਾਰੀ ਲਈ ਕਿਰਪਾ ਕਰਕੇ ਇਸ ਨੋਟਿਸ ਦੇ ਪਿੱਛੇ ਦੇਖੋ।

P.O. Box 15539 • Sacramento, CA 95852-1539 • (800) 322-6384

ਜੇ ਤੁਸੀਂ ਵਰਣਿਤ ਕਾਰਵਾਈ ਤੋਂ ਅਸੰਤੁਸ਼ਟ ਹੋ
ਇਸ ਨੋਟਿਸ ਉੱਤੇ, ਤੁਸੀਂ ਨੋਟਿਸ ਦੀ ਤਾਰੀਖ਼ ਦੇ 90 ਦਿਨਾਂ ਦੇ ਅੰਦਰ ਸਟੇਟ ਹਿਅਰਿੰਗ ਦੀ ਬੇਨਤੀ ਕਰ ਸਕਦੇ ਹੋ।

ਸੁਣਵਾਈ ਦੀ ਬੇਨਤੀ ਕਰਨ ਲਈ:

ਇਸ ਪੂਰੇ ਨੋਟਿਸ ਦੇ ਦੋਵੇਂ ਪਾਸੇ ਇੱਥੇ ਭੇਜੋ :
California Department of Social Services
State Hearings Division
P.O. Box 944243, Mail Station 9-17-37
Sacramento, CA 94244-2430

ਜਾਂ

ਤੁਸੀਂ ਪਬਲਿਕ ਇਨਕ੍ਵਾਇਰੀ ਅਤੇ ਰਿਸਪਾਂਸ ਯੂਨਿਟ ਵਿਖੇ ਟੋਲ-ਫ੍ਰੀ ਨੰਬਰ 'ਤੇ ਕਾਲ ਕਰ ਸਕਦੇ ਹੋ। 1-800-952-5253 (ਅੰਗ੍ਰੇਜ਼ੀ ਤੋਂ ਇਲਾਵਾ ਹੋਰਨਾਂ ਭਾਸ਼ਾਵਾਂ ਵਿੱਚ ਮਦਦ ਉਪਲਬਧ)

ਜਾਂ

ਤੁਸੀਂ TDD ਟੋਲ-ਫ੍ਰੀ ਨੰਬਰ 'ਤੇ ਕਾਲ ਕਰ ਸਕਦੇ ਹੋ: 1-800-952-8349

ਰਾਜਸੀ ਵਿਨਿਯਮ:

ਸਿਰਲੇਖ 22, ਕੈਲੀਫੋਰਨੀਆ ਕੋਡ ਆਫ ਰੈਗੂਲੇਸ਼ੰਜ਼, ਸੈਕਸ਼ਨ 5095 1, 5 1014.1, ਅਤੇ 51014.2 ਦੀ ਕਾਪੀ, ਜੋ ਰਾਜ ਦੀ ਸੁਣਵਾਈ ਨੂੰ ਕਵਰ ਕਰਦੀ ਹੈ, ਤੁਹਾਡੇ ਕਾਉਂਟੀ ਸਮਾਜਕ ਸੇਵਾ ਦਫ਼ਤਰ ਜਾਂ ਸਥਾਨਕ ਪੁਸਤਕਾਲੇ ਵਿੱਚ ਉਪਲਬਧ ਹੈ।

ਅਧਿਕਾਰਤ ਪ੍ਰਤੀਨਿਧੀ:

ਤੁਸੀਂ ਸੁਣਵਾਈ ਵਿੱਚ ਖ਼ੁਦ ਦਾ ਪ੍ਰਤੀਨਿਧਤਵ ਕਰ ਸਕਦੇ ਹੋ ਜਾਂ ਤੁਹਾਡਾ ਪ੍ਰਤੀਨਿਧਤਵ ਕਿਸੇ ਦੋਸਤ, ਵਕੀਲ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਕੀਤਾ ਜਾ ਸਕਦਾ ਹੈ। ਤੁਹਾਡੇ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਤੁਸੀਂ ਖ਼ੁਦ ਹੀ ਪ੍ਰਤੀਨਿਧੀ ਦੀ ਵਿਵਸਥਾ ਕਰੋਗੇ। ਤੁਸੀਂ ਪਬਲਿਕ ਇਨਕ੍ਵਾਇਰੀ ਅਤੇ ਰਿਸਪਾਂਸ ਯੂਨਿਟ ਦੇ ਟੋਲ-ਫ੍ਰੀ ਨੰਬਰ 'ਤੇ ਕਾਲ ਕਰਕੇ ਜਾਂ ਆਪਣੇ ਸਥਾਨਕ ਸੁਰੱਖਿਆ ਦਫ਼ਤਰ ਤੋਂ ਕਨੂੰਨੀ ਮਦਦ ਸੰਗਠਨਾਂ ਦੇ ਟੈਲੀਫੋਨ ਨੰਬਰ ਪ੍ਰਾਪਤ ਕਰ ਸਕਦੇ ਹੋ।

ਮੈਨੂੰ ਇੱਕ ਅਨੁਵਾਦਕ (ਮੇਰੇ ਕਿਸੇ ਖਰਚੇ ਦੇ ਬਗੈਰ) ਦੀ ਲੋੜ ਹੋਏਗੀ।
ਮੇਰੀ ਭਾਸ਼ਾ ਜਾਂ ਬੋਲੀ ਹੈ:_____

Sample

DHCS | Medi-Cal Dental

WHEN APPLICABLE, ALL SERVICES SUBMITTED FOR MEMBERS UNDER 21 YEARS OF AGE HAVE BEEN EVALUATED FOR EPSDT CRITERIA

ਕਾਰਵਾਈ ਕੋਡਸ ਦੇ ਕਾਰਨ

01 ਤੁਹਾਡੀ ਯੋਗਤਾ (ਸਹਾਇਤਾ ਕੋਡ) ਸਿਰਫ਼ ਆਪਾਤਕਾਲੀ ਸੇਵਾਵਾਂ ਨੂੰ ਕਵਰ ਕਰਦੀ ਹੈ।

02 ਤੁਹਾਡੀ ਵਰਤਮਾਨ ਦੰਦਾਂ ਦੀ ਸਥਿਤੀ ਦੇ ਬਾਰੇ ਤੁਹਾਡੇ ਦੰਦਾਂ ਦੇ ਡਾਕਟਰ ਦੁਆਰਾ ਭੇਜੀ ਗਈ ਜਾਣਕਾਰੀ ਇਸ ਸੇਵਾ ਦੀ ਮਨਜ਼ੂਰੀ ਲਈ ਸਾਡੀਆਂ ਨਿਮਨਤਮ ਲੋੜਾਂ ਨੂੰ ਪੂਰਾ ਨਹੀਂ ਕਰਦੀ।

03 ਦੰਦਾਂ ਦੇ ਇਲਾਜ ਲਈ ਬੇਨਤੀ ਵਿੱਚ ਬਦਲਾਵ ਕੀਤਾ ਗਿਆ ਸੀ। ਇਹ ਬਦਲਾਵ ਤੁਹਾਡੀ ਦੰਦਾਂ ਦੀ ਵਰਤਮਾਨ ਸਥਿਤੀ ਬਾਰੇ ਜਾਂ ਪ੍ਰੋਗਰਾਮ ਦੇ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਕਰਨ ਲਈ ਤੁਹਾਡੇ ਦੰਦਾਂ ਦੇ ਡਾਕਟਰ ਦੁਆਰਾ ਭੇਜੀ ਗਈ ਜਾਣਕਾਰੀ ਉੱਤੇ ਆਧਾਰਿਤ ਸੀ।

04 ਸਾਡੇ ਰਿਕਾਰਡ ਦਰਸਾਉਂਦੇ ਹਨ ਕਿ ਇਹ ਸੇਵਾ(ਵਾਂ) ਜਾਂ ਇਸੇ ਤਰ੍ਹਾਂ ਦੀ ਸੇਵਾ(ਵਾਂ) ਪਹਿਲਾਂ ਤੋਂ ਮਨਜ਼ੂਰ ਕੀਤੀਆਂ, ਭੁਗਤਾਈਆਂ ਜਾਂ ਪੂਰਨ ਕੀਤੀਆਂ ਗਈਆਂ ਸਨ। (ਉਦਾਹਰਨ ਲਈ: ਕੁਝ ਮਾਮਲਿਆਂ ਵਿੱਚ, ਪ੍ਰਕਿਰਿਆਵਾਂ 12 ਮਹੀਨਿਆਂ ਵਿੱਚ ਇੱਕ ਵਾਰ ਜਾਂ ਪੰਜ (5) ਸਾਲਾਂ ਵਿੱਚ ਇੱਕ ਵਾਰ ਤਕ ਸੀਮਿਤ ਹੁੰਦੀਆਂ ਹਨ ਅਤੇ ਖਾਸ ਸਥਿਤੀਆਂ ਨੂੰ ਛੱਡ ਕੇ ਦੁਬਾਰਾ ਮਨਜ਼ੂਰ ਨਹੀਂ ਕੀਤੀਆਂ ਜਾ ਸਕਦੀਆਂ, ਜਿਸਨੂੰ ਤੁਹਾਡੇ ਦੰਦਾਂ ਦੇ ਡਾਕਟਰ ਦੁਆਰਾ ਪ੍ਰਲੇਖਿਤ ਕਰਨਾ ਲਾਜ਼ਮੀ ਹੁੰਦਾ ਹੈ।)

05 ਜਿਸ ਤਾਰੀਖ਼ ਨੂੰ ਬੇਨਤੀ ਦਰਜ ਕੀਤੀ ਗਈ ਸੀ, ਉਦੋਂ ਅਸੀਂ ਪ੍ਰੋਗਰਾਮ ਤੁਹਾਡੇ ਦੰਦਾਂ ਦੇ ਡਾਕਟਰ ਦੇ ਨਾਮਾਂਕਣ ਦੀ ਤਸਦੀਕ ਕਰਨ ਵਿੱਚ ਅਸਮਰੱਥ ਹੁੰਦੇ ਹਾਂ।

06 ਤੁਹਾਡੇ ਦੰਦਾਂ ਦੇ ਡਾਕਟਰ ਦੁਆਰਾ ਬੇਨਤੀ ਕੀਤੀ ਗਈ ਸੇਵਾ ਪ੍ਰੋਗਰਾਮ ਦਾ ਲਾਭ ਨਹੀਂ ਹੈ। ਕਿਰਪਾ ਕਰਕੇ ਇੱਕ ਵੱਖਰੀ ਇਲਾਜ ਯੋਜਨਾ ਲਈ ਆਪਣੇ ਪ੍ਰਦਾਤੇ ਨਾਲ ਸੰਪਰਕ ਕਰੋ।

07 ਤੁਸੀਂ ਇੱਕ ਨਿਰਧਾਰਿਤ ਸਕ੍ਰੀਨਿੰਗ ਮੁਆਇਨੇ ਲਈ ਹਾਜ਼ਰ ਨਹੀਂ ਹੋਏ ਸੀ ਜਾਂ ਆਪਣੀ ਤੈਅ-ਮੁਲਾਕਾਤ 'ਤੇ ਮੌਜੂਦਾ ਦੰਦਾਵਲੀ(ਆਂ) (ਪੂਰਨ ਜਾਂ ਅੰਸ਼ਕ) ਲਿਆਉਣ ਵਿੱਚ ਅਸਫਲ ਰਹੇ ਸੀ। ਇੱਕ ਨਵੀਂ ਬੇਨਤੀ ਭੇਜਣ ਲਈ ਕਿਰਪਾ ਕਰਕੇ ਆਪਣੇ ਦੰਦਾਂ ਦੇ ਡਾਕਟਰ ਨਾਲ ਸੰਪਰਕ ਕਰੋ।

08 ਤੁਹਾਡੇ ਦੰਦਾਂ ਦੇ ਡਾਕਟਰ ਨੇ ਸਾਨੂੰ ਇਸ ਬੇਨਤੀ ਨੂੰ ਪ੍ਰੋਸੈੱਸ ਕਰਨ ਦੀ ਇਜਾਜ਼ਤ ਦੇਣ ਲਈ ਬਥੇਰੀ ਜਾਣਕਾਰੀ ਨਹੀਂ ਭੇਜੀ ਸੀ। ਇਸ ਇਲਾਜ ਬਾਰੇ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਦੰਦਾਂ ਦੇ ਡਾਕਟਰ ਨਾਲ ਸੰਪਰਕ ਕਰੋ।

09 ਐਕਸ-ਰੇ ਦਰਸਾਉਂਦੇ ਹਨ ਕਿ ਇਹ ਦੰਦ, ਕ੍ਰਾਉਨ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰਦਾ। ਦੰਦ ਦੀ ਮੁਰੰਮਤ ਭਰਾਈ ਕਰਕੇ ਕੀਤੀ ਗਈ ਹੋ ਸਕਦੀ ਹੈ।

10 ਐਕਸ-ਰੇ ਤੋਂ ਪਤਾ ਲੱਗਦਾ ਹੈ ਕਿ ਦੰਦ/ਦੰਦਾਂ ਵਿੱਚ ਸੰਕ੍ਰਮਣ ਹੋ ਸਕਦਾ ਹੈ; ਕਿਰਪਾ ਕਰਕੇ ਆਪਣੇ ਦੰਦਾਂ ਦੇ ਡਾਕਟਰ ਨਾਲ ਸੰਪਰਕ ਕਰੋ ਕਿਉਂਕਿ ਪਹਿਲਾਂ ਕਿਸੇ ਹੋਰ ਸੇਵਾ ਦੀ ਲੋੜ ਹੋ ਸਕਦੀ ਹੈ।

11 ਐਕਸ-ਰੇ, ਚਾਰਟ ਰਿਕਾਰਡਾਂ ਅਤੇ/ਜਾਂ ਤੁਹਾਡੇ ਕਲਿਨਕੀ ਸਕ੍ਰੀਨਿੰਗ ਮੁਆਇਨੇ ਦੁਆਰਾ ਪੁਸ਼ਟੀ ਕੀਤੀ ਜਾਣਕਾਰੀ ਦੇ ਆਧਾਰ ਉੱਤੇ, ਤੁਹਾਨੂੰ ਡੂੰਘੀ ਸਫ਼ਾਈ ਕਰਾਉਣ ਦੀ ਜ਼ਰੂਰਤ ਨਹੀਂ ਹੈ।

12 ਇਹ ਸੇਵਾ ਮਨਜ਼ੂਰ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਹ ਤੁਹਾਡੇ ਦੰਦਾਂ ਦੇ ਡਾਕਟਰ ਦੁਆਰਾ ਭੇਜੀ ਗਈ ਉਹੀਓ ਇਲਾਜ ਯੋਜਨਾ ਵਿੱਚ ਕਿਸੇ ਅਸਵੀਕ੍ਰਿਤ ਪ੍ਰਕਿਰਿਆ ਨਾਲ ਸਬੰਧਿਤ ਹੈ।

13 ਤੁਹਾਡੇ ਦੰਦਾਂ ਦੇ ਡਾਕਟਰ ਦੁਆਰਾ ਦਰਜ ਕੀਤੀ ਜਾਣਕਾਰੀ ਅਤੇ/ਜਾਂ ਇੱਕ ਕਲਿਨਕੀ ਸਕ੍ਰੀਨਿੰਗ ਮੁਆਇਨੇ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ ਉੱਤੇ, ਤੁਹਾਡੀ ਵਰਤਮਾਨ ਦੰਦਾਂ ਦੀ ਸਥਿਤੀ ਸਥਿਰ ਹੈ, ਅਤੇ ਇਸ ਸਮੇਂ ਬੇਨਤੀ ਕੀਤੀ ਸੇਵਾ ਦੀ ਲੋੜ ਨਹੀਂ ਹੈ।

BTN-002 10/20 OCT

14 ਐਕਸ-ਰੇ ਅਤੇ/ਜਾਂ ਤੁਹਾਡੇ ਸਕ੍ਰੀਨਿੰਗ ਮੁਆਇਨੇ ਦੁਆਰਾ ਪੁਸ਼ਟੀ ਕੀਤੀ ਜਾਣਕਾਰੀ ਦੇ ਆਧਾਰ ਉੱਤੇ, ਦੰਦ ਸੁਭਾਵਕ ਤੌਰ 'ਤੇ ਖਰਾਬ ਹੋ ਗਿਆ/ਗਏ ਹਨ ਜਾਂ ਇਹ ਤੁਹਾਡੇ ਦੰਦਾਂ ਨੂੰ ਕਰੀਚਣ ਕਰਕੇ ਹੋਇਆ ਹੈ। ਬੇਨਤੀ ਕੀਤੀ ਸੇਵਾ ਤਦ ਤਕ ਪ੍ਰੋਗਰਾਮ ਦਾ ਇੱਕ ਹਿੱਸਾ ਨਹੀਂ ਹੁੰਦੀ, ਜਦੋਂ ਕੋਈ ਦੰਦ ਸੜਦਾ ਜਾਂ ਟੁੱਟਦਾ ਨਹੀਂ ਹੈ।

15 ਐਕਸ-ਰੇ ਤੋਂ ਪਤਾ ਲੱਗਦਾ ਹੈ ਕਿ ਦੰਦ ਬਹੁਤ ਜ਼ਿਆਦਾ ਟੁੱਟ ਗਿਆ ਹੈ ਅਤੇ ਉਸਦੀ ਮੁਰੰਮਤ ਨਹੀਂ ਕੀਤੀ ਜਾ ਸਕਦੀ। ਤੁਹਾਡਾ ਦੰਦਾਂ ਦਾ ਡਾਕਟਰ ਇੱਕ ਅਲੱਗ ਇਲਾਜ ਪੇਸ਼ ਕਰਨ ਦੇ ਸਮਰੱਥ ਹੋ ਸਕਦਾ ਹੈ।

16 ਸਾਡੇ ਰਿਕਾਰਡ ਦਰਸਾਉਂਦੇ ਹਨ ਕਿ ਦੰਦ ਨੂੰ ਭਰਾਈ ਜਾਂ ਸਟੇਨਲੇਸ ਸਟੀਲ ਦੇ ਕ੍ਰਾਉਨ ਨਾਲ ਦੁਬਾਰਾ ਸਹੀ ਕੀਤਾ ਗਿਆ ਹੈ।

17 ਐਕਸ-ਰੇ ਦਰਸਾਉਂਦੇ ਹਨ ਕਿ ਬੇਨਤੀ ਕੀਤੀ ਸੇਵਾ ਨੂੰ ਮਨਜ਼ੂਰੀ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਮਸੂੜਿਆਂ ਦੀ ਬਿਮਾਰੀ ਨੇ ਦੰਦ ਦੇ ਆਸ-ਪਾਸ ਦੀ ਹੱਡੀ ਨੂੰ ਨਸ਼ਟ ਕਰ ਦਿੱਤਾ ਹੈ। ਤੁਹਾਡਾ ਦੰਦਾਂ ਦਾ ਡਾਕਟਰ ਇੱਕ ਅਲੱਗ ਇਲਾਜ ਪੇਸ਼ ਕਰਨ ਦੇ ਸਮਰੱਥ ਹੋ ਸਕਦਾ ਹੈ।

18 ਬ੍ਰੇਸਿਸ ਲਈ ਨਿਮਨਤਮ ਜ਼ਰੂਰਤਾਂ ਦੀ ਤਸਦੀਕ ਨਹੀਂ ਕੀਤੀ ਜਾ ਸਕੀ।

19 ਇੱਕ ਅੰਸ਼ਕ ਦੰਦਾਵਲੀ ਸਿਰਫ਼ ਉਦੋਂ ਇੱਕ ਲਾਭ ਹੋ ਸਕਦਾ ਹੈ ਜਦੋਂ ਸਾਮ੍ਹਣੇ ਵਾਲੀ ਆਰਕ ਉੱਤੇ ਇੱਕ ਪੂਰਨ ਦੰਦਾਵਲੀ ਹੋਏ।

20 ਰੂਟ ਕਨਾਲ ਇਲਾਜ, ਕ੍ਰਾਉਨ ਦਾ ਵਿਚਾਰ ਕੀਤੇ ਜਾ ਸਕਣ ਤੋਂ ਪਹਿਲਾਂ ਸੰਤੋਖਜਨਕ ਢੰਗ ਨਾਲ ਪੂਰਾ ਕੀਤਾ ਜਾਣਾ ਚਾਹੀਦਾ ਹੈ।

21 ਦੰਦ ਪੂਰੀ ਤਰਾਂ ਨਹੀਂ ਬਣਿਆ ਹੈ। ਤੁਹਾਡਾ ਦੰਦਾਂ ਦਾ ਡਾਕਟਰ ਇੱਕ ਅਲੱਗ ਇਲਾਜ ਪੇਸ਼ ਕਰਨ ਦੇ ਸਮਰੱਥ ਹੋ ਸਕਦਾ ਹੈ।

22 ਇਲਾਜ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਐਕਸ-ਰੇ ਅਤੇ ਪ੍ਰਲੇਖਿਤ ਦਸਤਾਵੇਜ਼ ਦਿਖਾਉਂਦੇ ਹਨ ਕਿ ਨਾੜੀ ਦਾ ਕੋਈ ਨੁਕਸਾਨ ਨਹੀਂ ਹੋਇਆ ਹੈ।

23 ਸਟੇਅਪਲੇਟ ਸਿਰਫ਼ ਟੁੱਟ ਚੁੱਕੇ ਅਗਲੇ ਸਥਾਈ ਦੰਦ ਨੂੰ ਬਦਲਣ ਲਈ ਹੀ ਇੱਕ ਲਾਭ ਹੋ ਸਕਦਾ ਹੈ।

24 ਐਕਸ-ਰੇ ਦਰਸਾਉਂਦੇ ਹਨ ਕਿ ਇਲਾਜ ਯੋਜਨਾ ਨੂੰ ਮਨਜ਼ੂਰੀ ਦਿੱਤੇ ਜਾਣ ਤੋਂ ਪਹਿਲਾਂ ਅਤਿਰਿਕਤ ਐਕਸਟ੍ਰੈਕਸ਼ਨ ਜ਼ਰੂਰੀ ਹਨ; ਕਿਰਪਾ ਕਰਕੇ ਆਪਣੇ ਦੰਦਾਂ ਦੇ ਡਾਕਟਰ ਨਾਲ ਸੰਪਰਕ ਕਰੋ।

25 ਤੁਹਾਡੇ ਦੰਦਾਂ ਦੇ ਡਾਕਟਰ ਦੁਆਰਾ ਭੇਜੀ ਗਈ ਜਾਣਕਾਰੀ ਦੇ ਆਧਾਰ ਉੱਤੇ, ਤੁਹਾਡੇ ਦੰਦ ਇੰਨੀ ਖਰਾਬ ਹਾਲਤ ਵਿੱਚ ਹਨ ਕਿ ਬੇਨਤੀ ਕੀਤੀ ਅੰਸ਼ਕ ਦੰਦਾਵਲੀ ਇਸ ਪ੍ਰੋਗਰਾਮ ਦੇ ਤਹਿਤ ਇੱਕ ਲਾਭ ਨਹੀਂ ਹੈ।

26 ਤੁਹਾਡੇ ਦੰਦਾਂ ਦੇ ਡਾਕਟਰ ਦੁਆਰਾ ਭੇਜੀ ਗਈ ਜਾਣਕਾਰੀ ਦੇ ਆਧਾਰ ਉੱਤੇ, ਤੁਹਾਡੇ ਦੰਦ ਠੀਕ ਹਨ ਅਤੇ ਇਹਨਾਂ ਨੂੰ ਪੂਰਨ ਦੰਦਾਵਲੀ ਦੁਆਰਾ ਬਦਲਿਆ ਨਹੀਂ ਜਾਣਾ ਚਾਹੀਦਾ।

27 ਤੁਹਾਡੇ ਦੰਦਾਂ ਦੇ ਡਾਕਟਰ ਦੁਆਰਾ ਭੇਜੀ ਗਈ ਜਾਣਕਾਰੀ ਦੇ ਆਧਾਰ ਉੱਤੇ, ਤੁਹਾਡੇ ਕੋਲ ਸਾਮ੍ਹਣੇ ਵਾਲੀ ਚਾਪ ਉੱਤੇ ਕੋਈ ਪੂਰਨ ਦੰਦਾਵਲੀ ਨਹੀਂ ਹੈ; ਇਸਲਈ ਤੁਸੀਂ ਧਾਤੂ ਦੰਦਾਵਲੀ ਲਈ ਪਾਤਰ ਨਹੀਂ ਹੋ। ਹਾਲਾਂਕਿ, ਜੇ ਤੁਹਾਡੇ ਸਾਮ੍ਹਣੇ ਵਾਲੇ ਨਹੀਂ ਹਨ, ਤਾਂ ਤੁਸੀਂ ਸਟੇਅਪਲੇਟ ਲਈ ਪਾਤਰ ਹੋ।

28 ਐਕਸ-ਰੇ, ਪ੍ਰਲੇਖਿਤ ਦਸਤਾਵੇਜ਼, ਅਤੇ/ਜਾਂ ਤੁਹਾਡੇ ਸਕ੍ਰੀਨਿੰਗ ਮੁਆਇਨੇ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ ਉੱਤੇ, ਤੁਹਾਡੇ ਦੰਦ ਅਤੇ/ਜਾਂ ਮਸੂੜੇ ਇੰਨੀ ਮਾੜੀ ਹਾਲਤ ਵਿੱਚ ਹਨ ਕਿ ਬੇਨਤੀ ਕੀਤਾ ਇਲਾਜ ਇਸ ਪ੍ਰੋਗਰਾਮ ਦੇ ਤਹਿਤ ਇੱਕ ਲਾਭ ਨਹੀਂ ਹੈ। ਤੁਹਾਡਾ ਦੰਦਾਂ ਦਾ ਡਾਕਟਰ ਇੱਕ ਅਲੱਗ ਇਲਾਜ ਪੇਸ਼ ਕਰਨ ਦੇ ਸਮਰੱਥ ਹੋ ਸਕਦਾ ਹੈ।

29 ਵਧੇਰੀ ਜਾਣਕਾਰੀ ਲਈ ਦੰਦਾਂ ਦੀਆਂ ਸੇਵਾਵਾਂ ਦੀ ਤੁਹਾਡੀ ਬੇਨਤੀ ਤੁਹਾਡੇ ਦੰਦਾਂ ਦੇ ਪ੍ਰਦਾਤੇ ਨੂੰ ਵਾਪਸ ਭੇਜੀ ਗਈ ਸੀ। ਤੁਹਾਡੇ ਪ੍ਰਦਾਤੇ ਕੋਲ ਬੇਨਤੀ ਕੀਤੀ ਜਾਣਕਾਰੀ ਨੂੰ ਮੁੜ-ਸਬਮਿਟ ਕਰਨ ਲਈ 45 ਦਿਨ ਹੁੰਦੇ ਹਨ। ਤੁਹਾਡੇ ਵਲੋਂ ਕਿਸੇ ਕਾਰਵਾਈ ਦੀ ਜ਼ਰੂਰਤ ਨਹੀਂ ਹੈ, ਪਰ ਤੁਸੀਂ ਇਸ ਬੇਨਤੀ ਬਾਰੇ ਆਪਣੇ ਦੰਦਾਂ ਦੇ ਡਾਕਟਰ ਨਾਲ ਸੰਪਰਕ ਕਰ ਸਕਦੇ ਹੋ। ਇਸ ਸਮੇਂ ਤੇ, ਪ੍ਰਦੇਸ਼ ਦੀ ਸੁਣਵਾਈ ਲਈ ਬੇਨਤੀ ਕਰਨਾ ਕੋਈ ਵਿਕਲਪ ਨਹੀਂ ਹੈ।

30 ਫਿਕਸ ਹੋਣ ਵਾਲੇ ਬ੍ਰਿੱਜਿਸ ਨੂੰ ਇਜਾਜ਼ਤ ਦਿੱਤੀ ਜਾਂਦੀ ਹੈ, ਜਦੋਂ ਕੋਈ ਮੈਡੀਕਲ ਸਥਿਤੀ ਕਿਸੇ ਹਟਾਉਣ-ਯੋਗ ਦੰਦਾਵਲੀ ਦੀ ਵਰਤੋਂ ਨੂੰ ਰੋਕਦੀ ਹੈ।

31 ਦੰਦ ਆਪਣੀ ਸਧਾਰਨ ਸਥਿਤੀ ਵਿੱਚ ਨਹੀਂ ਹੈ ਅਤੇ ਇਸ ਪ੍ਰੋਗਰਾਮ ਦੇ ਤਹਿਤ ਮੁਰੰਮਤ ਨਹੀਂ ਕੀਤਾ ਜਾ ਸਕਦਾ।

32 ਇੱਕ ਸਕ੍ਰੀਨਿੰਗ ਮੁਆਇਨੇ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ ਉੱਤੇ, ਤੁਹਾਡੀ ਮੌਜੂਦਾ ਦੰਦਾਵਲੀ ਇਸ ਸਮੇਂ ਵਧੀਆ ਹੈ।

33 ਤੁਹਾਡੇ ਹਾਲ ਹੀ ਦੇ ਸਕ੍ਰੀਨਿੰਗ ਮੁਆਇਨੇ ਦੇ ਆਧਾਰ ਉੱਤੇ, ਤੁਹਾਡੇ ਲਈ ਇੱਕ ਦੰਦਾਵਲੀ ਸਹੀ ਇਲਾਜ ਨਹੀਂ ਹੈ। ਹੋਰ ਵਿਕਲਪਾਂ ਲਈ, ਕਿਰਪਾ ਕਰਕੇ ਆਪਣੇ ਦੰਦਾਂ ਦੇ ਡਾਕਟਰ ਨਾਲ ਸੰਪਰਕ ਕਰੋ।

34 ਬੇਨਤੀ ਕੀਤੀ ਸੇਵਾ ਮਨਜ਼ੂਰ ਨਹੀਂ ਕੀਤੀ ਗਈ ਹੈ ਕਿਉਂਕਿ ਦੰਦਾਵਲੀ ਨੂੰ ਸਹਾਰਾ ਦੇਣ ਲਈ ਇਸ ਆਰਕ ਵਿੱਚ ਬਥੇਰੇ ਦੰਦ ਬਾਕੀ ਹਨ।

35 ਤੁਹਾਡੇ ਸਕ੍ਰੀਨਿੰਗ ਮੁਆਇਨੇ ਦੇ ਦੌਰਾਨ, ਤੁਸੀਂ ਕਿਹਾ ਕਿ ਤੁਹਾਨੂੰ ਇਸ ਸਮੇਂ ਦੰਦਾਂ ਦੀਆਂ ਕਿਸੇ ਸੇਵਾਵਾਂ ਦੀ ਜ਼ਰੂਰਤ ਨਹੀਂ ਹੈ ਜਾਂ ਕਿ ਤੁਸੀਂ ਦੰਦਾਂ ਦੇ ਕਿਸੇ ਹੋਰ ਡਾਕਟਰ ਨੂੰ ਦਿਖਾਉਣਾ ਨਹੀਂ ਚਾਹੁੰਦੇ।

36 ਮਨਜ਼ੂਰ ਕੀਤੀਆਂ ਮੁਲਾਕਾਤਾਂ ਦੀ ਸੰਖਿਆ ਨੂੰ ਸਮਾਯੋਜਿਤ ਕੀਤਾ ਗਿਆ ਹੈ ਕਿਉਂਕਿ ਤੁਸੀਂ ਇਲਾਜ ਪੂਰਾ ਹੋਣ ਤੋਂ ਪਹਿਲਾਂ 21 ਸਾਲ ਦੇ ਹੋ ਜਾਓਗੇ। ਕਿਰਪਾ ਕਰਕੇ ਆਪਣੇ ਦੰਦਾਂ ਦੇ ਡਾਕਟਰ ਨਾਲ ਸੰਪਰਕ ਕਰੋ।

37 ਸਬਮਿਟ ਕੀਤੇ ਐਕਸ-ਰੇ ਵਿੱਚ ਦੰਦ ਦਿਖਾਈ ਨਹੀਂ ਦੇ ਰਿਹਾ ਹੈ।

38 ਐਕਸ-ਰੇ ਅਤੇ/ਜਾਂ ਤੁਹਾਡੇ ਸਕ੍ਰੀਨਿੰਗ ਮੁਆਇਨੇ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ ਉੱਤੇ, ਪ੍ਰਕਿਰਿਆ 'ਤੇ ਵਿਚਾਰ ਕੀਤੇ ਜਾ ਸਕਣ ਤੋਂ ਪਹਿਲਾਂ ਤੁਹਾਨੂੰ ਆਪਣੇ ਦੰਦਾਂ ਦੇ ਡਾਕਟਰ ਤੋਂ ਅਤਿਰਿਕਤ ਇਲਾਜ ਦੀ ਲੋੜ ਹੁੰਦੀ ਹੈ।

39 ਐਕਸ-ਰੇ ਦਰਸਾਉਂਦੇ ਹਨ ਕਿ ਬੇਨਤੀ ਕੀਤੇ ਨਕਲੀ ਦੰਦ ਲਈ ਬਥੇਰੀ ਥਾਂ ਮੌਜੂਦ ਨਹੀਂ ਹੈ।

40 ਇਹ ਪ੍ਰੋਗਰਾਮ ਬ੍ਰੇਸਿਸ ਨੂੰ ਕਵਰ ਨਹੀਂ ਕਰਦਾ ਜੇ ਹਾਲੇ ਵੀ ਦੁੱਧ ਦੇ ਦੰਦ ਮੌਜੂਦ ਹੁੰਦੇ ਹਨ।

41 ਐਕਸ-ਰੇ ਅਤੇ ਤੁਹਾਡੇ ਸਕ੍ਰੀਨਿੰਗ ਮੁਆਇਨੇ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ ਉੱਤੇ, ਤੁਸੀਂ ਆਪਣੇ ਦੰਦ ਕਰੀਚਦੇ ਹੋ। ਪ੍ਰੋਗਰਾਮ ਇਸ ਸਥਿਤੀ ਲਈ ਸੇਵਾਵਾਂ ਨੂੰ ਕਵਰ ਨਹੀਂ ਕਰਦਾ।

42 ਇਹ ਪ੍ਰਕਿਰਿਆ ਸ਼ਿਸ਼ੂ ਦੰਦ ਜਾਂ ਟੁੱਟਣ ਲਈ ਤਿਆਰ ਸ਼ਿਸ਼ੂ ਦੰਦ ਲਈ ਲਾਭ ਨਹੀਂ ਹੈ। ਤੁਹਾਡਾ ਦੰਦਾਂ ਦਾ ਡਾਕਟਰ ਤੁਹਾਡੀ ਸਥਿਤੀ ਲਈ ਇੱਕ ਅਲੱਗ ਇਲਾਜ ਪੇਸ਼ ਕਰਨ ਦੇ ਸਮਰੱਥ ਹੋ ਸਕਦਾ ਹੈ।

43 ਬੇਨਤੀ ਕੀਤੀ ਪ੍ਰਕਿਰਿਆ ਤੁਹਾਡੀ ਦੰਦ ਦੀ ਸਮੱਸਿਆ ਨੂੰ ਠੀਕ ਨਹੀਂ ਕਰੇਗੀ। ਤੁਹਾਡਾ ਦੰਦਾਂ ਦਾ ਡਾਕਟਰ ਤੁਹਾਡੀ ਸਥਿਤੀ ਲਈ ਇੱਕ ਅਲੱਗ ਇਲਾਜ ਪੇਸ਼ ਕਰਨ ਦੇ ਸਮਰੱਥ ਹੋ ਸਕਦਾ ਹੈ।

44 ਤੁਹਾਡੇ ਦੰਦਾਂ ਦੇ ਡਾਕਟਰ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ ਉੱਤੇ, ਬੇਨਤੀ ਕੀਤੀ ਸੇਵਾ ਸਿਰਫ ਕਾਸਮੇਟਿਕ ਕਾਰਨਾਂ ਲਈ ਹੈ। ਸਿਰਫ ਕਾਸਮੇਟਿਕ ਉਦੇਸ਼ਾਂ ਲਈ ਸੇਵਾਵਾਂ, ਪ੍ਰੋਗਰਾਮ ਦਾ ਲਾਭ ਨਹੀਂ ਹੁੰਦੀਆਂ ਹਨ।

45 ਤੁਹਾਡੀ ਵਰਤਮਾਨ ਦੰਦਾਵਲੀ ਦੀ ਮੁਰੰਮਤ, ਦੰਦਾਵਲੀ ਦਾ ਅੰਦਰੂਨੀ ਹਿੱਸਾ ਬਦਲ ਕੇ ਕੀਤੀ ਜਾ ਸਕਦੀ ਹੈ।

46 ਅਸੀਂ ਇਸ ਪ੍ਰੋਗਰਾਮ ਵਿੱਚ ਤੁਹਾਡੀ ਯੋਗਤਾ ਨੂੰ ਤਸਦੀਕ ਕਰਨ ਵਿੱਚ ਅਯੋਗ ਹਾਂ।

47 ਤੁਹਾਡੇ ਦੰਦਾਂ ਦੇ ਡਾਕਟਰ ਨੂੰ ਇਸ ਪ੍ਰਕਿਰਿਆ ਨੂੰ ਸਬਮਿਟ ਕਰਨ ਤੋਂ ਪਹਿਲਾਂ ਭੁਗਤਾਨ ਜਾਂ ਅਧਿਕਾਰ-ਸੌਂਪਣੀ ਲਈ ਕੈਲੀਫੋਰਨੀਆ ਚਿਲਡਰਨ'ਜ਼ ਸਰਵਿਸਿਜ਼ ਪ੍ਰੋਗਰਾਮ ਨਾਲ ਸੰਪਰਕ ਜ਼ਰੂਰ ਕਰਨਾ ਚਾਹੀਦਾ ਹੈ।

48 EPSDT ਸੇਵਾਵਾਂ 21 ਸਾਲ ਅਤੇ ਵੱਡੀ ਉਮਰ ਦੇ ਮਰੀਜ਼ਾਂ ਲਈ ਲਾਭ ਨਹੀਂ ਹੁੰਦੀਆਂ ਹਨ।

49 ਬੇਨਤੀ ਕੀਤੀ(ਆਂ) EPSDT ਸੇਵਾ(ਵਾਂ) ਚਿਕਿਤਸਕੀ ਰੂਪ ਤੋਂ ਜ਼ਰੂਰੀ ਨਹੀਂ ਹੈ(ਹਨ)।

ਮੈਨੂੰ ਕੀ ਕਰਨਾ ਚਾਹੀਦਾ ਹੈ ਜੇਕਰ ਮੇਰੀ ਕੋਈ ਸ਼ਿਕਾਇਤ ਹੈ? ਮੈਂ ਇੱਕ ਰਸਮੀ ਸ਼ਿਕਾਇਤ ਕਿਵੇਂ ਦਾਇਰ ਕਰਾਂਗਾ/ਕਰਾਂਗੀ?

ਜੇਕਰ ਤੁਹਾਨੂੰ ਕੋਈ ਸ਼ਿਕਾਇਤ ਹੈ ਤਾਂ ਪਹਿਲਾਂ ਆਪਣੇ ਡੈਂਟਲ ਪ੍ਰਦਾਤਾ ਨਾਲ ਗੱਲ ਕਰੋ। ਡੈਂਟਲ ਪ੍ਰਦਾਤਾ ਅਕਸਰ ਤੁਹਾਡੀ ਸ਼ਿਕਾਇਤ ਨੂੰ ਝਟਪਟ ਸੁਲਝਾ ਸਕਦਾ ਹੈ। ਜੇ ਤੁਸੀਂ ਆਪਣੇ ਡੈਂਟਲ ਪ੍ਰਦਾਤੇ ਦੇ ਨਾਲ ਪਹਿਲੇ ਗੱਲ ਨਹੀਂ ਕਰਨਾ ਚਾਹੁੰਦੇ, ਜਾਂ ਜੇ ਡੈਂਟਲ ਪ੍ਰਦਾਤਾ ਤੁਹਾਡੀ ਸ਼ਿਕਾਇਤ ਨੂੰ ਸੁਲਝਾਉਣ ਲਈ ਅਯੋਗ ਹੁੰਦਾ ਹੈ, Medi-Cal ਡੈਂਟਲ ਮਦਦ ਕਰ ਸਕਦੀ ਹੈ। ਅਸੀਂ ਫ਼ੋਨ ਦੁਆਰਾ ਜਾਂ ਲਿਖਤ ਵਿੱਚ ਸ਼ਿਕਾਇਤਾਂ ਨੂੰ ਸਵੀਕਾਰ ਕਰਦੇ ਹਾਂ।

ਫ਼ੋਨ ਰਾਹੀਂ ਸ਼ਿਕਾਇਤਾਂ

ਫ਼ੋਨ 'ਤੇ ਸ਼ਿਕਾਇਤ ਕਰਨ ਲਈ, ਟੈਲੀਫ਼ੋਨ ਸੇਵਾ ਕੇਂਦਰ (TSC) ਨੂੰ ਕੱਲ ਕਰੋ। ਉਹਨਾਂ ਨੂੰ ਆਪਣੀ ਜਾਣਕਾਰੀ ਅਤੇ ਮਸ਼ਗੂਲ ਡੈਂਟਲ ਪ੍ਰਦਾਤਾ ਦਾ ਨਾਮ ਦਿਓ। ਆਪਣੀ ਸਮੱਸਿਆ ਦਾ ਵਰਣਨ ਕਰੋ। ਇਸ ਵਿੱਚ ਸ਼ਾਮਲ ਕੀਤੀਆਂ ਸੇਵਾਵਾਂ ਅਤੇ ਕੋਈ ਵੀ ਕਾਰਵਾਈ ਜਾਂ ਗੈਰ-ਕਾਰਵਾਈ ਸ਼ਾਮਲ ਹੁੰਦੀ ਹੈ। ਅਸੀਂ ਕੱਲ ਦੇ ਦੌਰਾਨ ਸਮੱਸਿਆ ਦਾ ਹੱਲ ਕਰਨ ਲਈ ਹਰੇਕ ਸੰਭਵ ਕੋਸ਼ਿਸ਼ ਕਰਾਂਗੇ। ਤੁਸੀਂ ਸ਼ਿਕਾਇਤ ਨਾਲ ਜੁੜੀ ਅਤਿਰਿਕਤ ਜਾਣਕਾਰੀ ਜਾਂ ਸੋਮਿਆਂ ਦੇ ਨਾਲ ਇੱਕ ਫੋਲੋ-ਅੱਪ ਕੱਲ ਪ੍ਰਾਪਤ ਕਰ ਸਕਦੇ ਹੋ।

Medi-Cal ਡੈਂਟਲ ਟੈਲੀਫ਼ੋਨ ਸੇਵਾ ਕੇਂਦਰ:
1-800-322-6384: ਪੰਜਾਬੀ ਲਈ, 11 ਦਬਾਓ

ਟੈਲੀਟੈਕਸਟ ਟਾਈਪਰਾਈਟਰ (TTY):
1-800-735-2922

ਈਮੇਲ ਜਾਂ ਮੇਲ ਦੁਆਰਾ ਸ਼ਿਕਾਇਤਾਂ

ਜੇਕਰ ਤੁਸੀਂ ਇੱਕ ਲਿਖਤੀ ਸ਼ਿਕਾਇਤ ਭੇਜਣ ਦੀ ਚੋਣ ਕਰਦੇ ਹੋ, ਤਾਂ ਤੁਸੀਂ Smile, California ਵੈੱਬਸਾਈਟ ਤੋਂ Medi-Cal ਡੈਂਟਲ ਸ਼ਿਕਾਇਤ *ਫਾਰਮ* ਡਾਉਨਲੋਡ ਕਰ ਸਕਦੇ ਹੋ। ਤੁਸੀਂ ਭਰੇ ਹੋਏ ਫਾਰਮ ਨੂੰ MemberFormReturn@delta.org 'ਤੇ ਈਮੇਲ ਕਰ ਸਕਦੇ ਹੋ ਜਾਂ Medi-Cal ਡੈਂਟਲ ਨੂੰ ਡਾਕ ਰਾਹੀਂ 'ਤੇ ਭੇਜ ਸਕਦੇ ਹੋ:

Medi-Cal Dental Program
Member Services Group
P.O. Box 15539
Sacramento, CA 95852-1539

ਅਗਲੇ ਪੰਨੇ 'ਤੇ Medi-Cal ਡੈਂਟਲ ਸ਼ਿਕਾਇਤ ਫਾਰਮ ਦਾ ਇੱਕ ਨਮੂਨਾ ਹੈ। ਤੁਸੀਂ ਫਾਰਮ ਨੂੰ 18 ਹੋਰ ਭਾਸ਼ਾਵਾਂ ਵਿੱਚ *Smile, California* Members ਪੰਨੇ ਉੱਤੇ ਵੀ ਲੱਭ ਸਕਦੇ ਹੋ।

ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼, ਲਾਗੂ ਸੰਘੀ ਅਧਿਕਾਰਾਂ ਦੇ ਕਨੂੰਨਾਂ ਦੀ ਪਾਲਣਾ ਕਰਦਾ ਹੈ ਅਤੇ ਜਾਤ, ਰੰਗ, ਰਾਸ਼ਟਰੀ ਮੂਲ, ਉਮਰ, ਅਯੋਗਤਾ, ਜਾਂ ਲਿੰਗ ਦੇ ਆਧਾਰ 'ਤੇ ਭੇਦਭਾਵ ਨਹੀਂ ਕਰਦਾ। ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼ ਲੋਕਾਂ ਨੂੰ ਉਨ੍ਹਾਂ ਦੀ ਜਾਤ, ਰੰਗ, ਰਾਸ਼ਟਰੀ ਮੂਲ, ਉਮਰ, ਅਯੋਗਤਾ, ਜਾਂ ਲਿੰਗ ਦੇ ਆਧਾਰ 'ਤੇ ਬਾਹਰ ਨਹੀਂ ਕੱਢਦਾ ਜਾਂ ਉਨ੍ਹਾਂ ਨਾਲ ਵੱਖਰੇ ਤਰੀਕੇ ਨਾਲ ਪੇਸ਼ ਨਹੀਂ ਆਉਂਦਾ। ਗੈਰ-ਪੱਖਪਾਤ ਨੀਤੀ ਬਾਰੇ ਜ਼ਿਆਦਾ ਜਾਣਨ ਲਈ, ਕਿਰਪਾ ਕਰਕੇ ਇੱਥੇਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼ ਵੈੱਬਸਾਈਟ 'ਤੇ ਜਾਓ।

DHCS | Medi-Cal Dental

ਤਾਰੀਖ਼:_____

ਨਾਮ:_____

ਪਤਾ:_____

ਸ਼ਹਿਰ:_____ ਰਾਜ: _____ ਜ਼ਿਪ ਕੋਡ: _____

ਸੇਵਾ ਫਾਰਮ ਆਈਡੀ:

MEDI-CAL DENTAL ਸ਼ਿਕਾਇਤ ਫਾਰਮ

ਕਿਰਪਾ ਕਰਕੇ ਹੇਠਾਂ ਦਿੱਤੇ ਫਾਰਮ ਨੂੰ ਭਰੋ ਅਤੇ ਆਪਣੇ ਸਵਾਲਾਂ ਜਾਂ ਸ਼ਿਕਾਇਤਾਂ ਬਾਰੇ ਪੂਰੀ ਤਰ੍ਹਾਂ ਵੇਰਵਾ ਦਿਓ। ਇਹ ਜਾਣਕਾਰੀ ਤੁਹਾਡੇ ਸਵਾਲਾਂ ਜਾਂ ਸ਼ਿਕਾਇਤਾਂ ਬਾਰੇ ਜਾਂਚ-ਪੜਤਾਲ ਕਰਨ ਅਤੇ ਉਨ੍ਹਾਂ ਦਾ ਸਮਾਧਾਨ ਕਰਨ ਲਈ ਮਹੱਤਵਪੂਰਨ ਅਤੇ ਜ਼ਰੂਰੀ ਹੈ।

ਸਟੇਟ ਆਫ਼ ਕੈਲੀਫੋਰਨੀਆ MEDI-CAL
ਫ਼ਾਇਦਾ ਕਾਰਡ ਪਛਾਣ ਨੰਬਰ: _____
ਟੇਲੀਫ਼ੋਨ ਨੰਬਰ: (_____) _____
ਮੈਸੇਜ ਭੇਜਣ ਲਈ ਟੇਲੀਫ਼ੋਨ ਨੰਬਰ: (_____) _____

ਤੁਹਾਡਾ ਨੁਮਾਇੰਦਾ (ਜੇ ਤੁਸੀਂ ਆਪ ਨਹੀਂ ਹੋ):

ਨਾਮ:_____
ਪਤਾ:_____
ਸ਼ਹਿਰ:_____, ਰਾਜ: _____ ਜ਼ਿਪ ਕੋਡ: _____
ਟੇਲੀਫ਼ੋਨ ਨੰਬਰ: (_____) _____

ਤੁਹਾਡੇ ਦੰਦਾਂ ਦੇ ਡਾਕਟਰ ਦਾ ਨਾਮ: _____
ਨਾਮ:_____
ਪਤਾ:_____

P.O Box 15539 • Sacramento, CA 95852-0609 • (800) 322-6384

Sample

DHCS | Medi-Cal Dental

MEDI-CAL DENTAL ਸ਼ਿਕਾਇਤ ਫਾਰਮ (ਪੰਨਾ 2)

ਸ਼ਿਕਾਇਤ ਦੀ ਕਿਸਮ:

_____ਦੰਦਾਂ ਦੇ ਡਾਕਟਰ ਦੀ ਸੇਵਾ ਅਧੂਰੀ ਸੀ ਜਾਂ ਅਸੰਤੋਸ਼ਜਨਕ ਸੀ

_____ਕਲੀਨਿਕਲ ਸਕ੍ਰੀਨਿੰਗ ਪ੍ਰਕਿਰਿਆ ਨਾਲ ਅਸੰਤੁਸ਼ਟ ਸੀ

_____ਹੋਰ

_____ ਟਿੱਪਣੀਆਂ (ਕਿਰਪਾ ਕਰਕੇ ਇੱਥੇ ਆਪਣੇ ਸਵਾਲਾਂ ਜਾਂ ਸ਼ਿਕਾਇਤਾਂ/ਸ਼ਿਕਵੇ ਦਾ ਪੂਰੀ ਤਰ੍ਹਾਂ ਵੇਰਵਾ ਦਿਓ। ਜੇ ਤੁਹਾਨੂੰ ਵਧੇਰੀ ਥਾਂ ਦੀ ਲੋੜ ਹੈ, ਤਾਂ ਇਸ ਫਾਰਮ ਦੇ ਪਿੱਛਲੇ ਪਾਸੇ ਜਾਂ ਵਾਧੂ ਪੰਨਿਆਂ ਦੀ ਵਰਤੋਂ ਕਰੋ।)

_____

_____

_____

_____

_____

Sample

ਕਿਰਪਾ ਕਰਕੇ ਇਸ ਫਾਰਮ 'ਤੇ ਦਸਤਖ਼ਤ ਕਰੋ ਅਤੇ ਤਾਰੀਖ਼ ਪਾਓ:

ਤੁਹਾਡੇ ਦੰਦਾਂ ਦੀ ਦੇਖਭਾਲ ਕਰ ਵਾਲੇ ਪ੍ਰਦਾਤਾ ਕੋਲੋਂ ਤੁਹਾਡੇ ਡਾਕਟਰੀ ਰਿਕਾਰਡ ਪ੍ਰਾਪਤ ਕਰਨਾ ਜ਼ਰੂਰੀ ਹੋ ਸਕਦਾ ਹੈ। ਹੇਠਾਂ ਦਿੱਤੇ ਤੁਹਾਡੇ ਦਸਤਖ਼ਤ Medi-Cal ਡੇਂਟਲ ਨੂੰ ਤੁਹਾਡੇ ਦੰਦਾਂ ਦੇ ਰਿਕਾਰਡ ਨੂੰ ਜਾਰੀ ਕਰਨ ਦਾ ਅਧਿਕਾਰ ਦਿੰਦੇ ਹਨ।

ਦਸਤਖ਼ਤ_____ਤਾਰੀਖ਼ _____

ਇਸ ਫਾਰਮ ਨੂੰ ਇੱਥੇ ਵਾਪਸ ਭੇਜੋ: Medi-Cal Dental Program
Member Services Group
P.O. Box 15539
Sacramento, CA 95852-1539

P.O Box 15539 • Sacramento, CA 95852-0609 • (800) 322-6384

ਮੇਰੇ ਦੁਆਰਾ ਸ਼ਿਕਾਇਤ ਦਾਇਰ ਕਰਵਾਉਣ ਤੋਂ ਬਾਅਦ ਕੀ ਹੁੰਦਾ ਹੈ?

ਜੇ ਤੁਸੀਂ ਫ਼ੋਨ ਉੱਤੇ ਸ਼ਿਕਾਇਤ ਦਾਇਰ ਕਰਦੇ ਹੋ, ਅਸੀਂ ਕੱਲ ਦੇ ਦੌਰਾਨ ਸ਼ਿਕਾਇਤ ਨੂੰ ਸੁਲਝਾਉਣ ਲਈ ਆਪਣੀ ਬਿਹਤਰੀਨ ਕੋਸ਼ਿਸ਼ ਕਰਾਂਗੇ। ਪਰ, ਕੁਝ ਸ਼ਿਕਾਇਤਾਂ ਦਾ ਸਮਾਧਾਨ ਕਰਨ ਲਈ ਕਈ ਕਦਮ ਚੁੱਕੇ ਜਾ ਸਕਦੇ ਹਨ। ਇਸ ਕਰਕੇ, ਤੁਸੀਂ ਆਪਣੀ ਸ਼ਿਕਾਇਤ ਨਾਲ ਸਬੰਧਤ ਅਤਿਰਿਕਤ ਜਾਣਕਾਰੀ ਜਾਂ ਅੱਪਡੇਟਾਂ ਬਾਰੇ ਇੱਕ ਫੋਲੋ-ਅੱਪ ਕੱਲ ਪ੍ਰਾਪਤ ਕਰ ਸਕਦੇ ਹੋ।

ਜੇ ਤੁਸੀਂ ਇੱਕ ਲਿਖਤ ਸ਼ਿਕਾਇਤ ਦਾਇਰ ਕੀਤੀ ਹੈ, ਅਸੀਂ ਇਸ ਨੂੰ ਸਾਡੇ ਵਲੋਂ ਪ੍ਰਾਪਤ ਕਰਨ ਤੋਂ ਬਾਅਦ ਪੰਜ ਕੈਲੰਡਰ ਦਿਨਾਂ ਦੇ ਅੰਦਰ ਤੁਹਾਨੂੰ ਦੱਸ ਦਿਆਂਗੇ ਕਿ ਇਹ ਪ੍ਰਾਪਤ ਹੋ ਗਈ ਹੈ। ਲਿਖਤ ਸ਼ਿਕਾਇਤ ਦਾ ਹਵਾਲਾ ਇੱਕ Medi-Cal ਡੈਂਟਲ ਸਲਾਹਕਾਰ ਨੂੰ ਦਿੱਤਾ ਜਾ ਸਕਦਾ ਹੈ। ਉਹ ਅਗਲੀ ਕਾਰਵਾਈ ਕ੍ਰਮ ਦਾ ਫੈਸਲਾ ਲੈਣਗੇ।

ਅਸੀਂ:

- ਤੁਹਾਡੇ ਅਤੇ/ਜਾਂ ਡੈਂਟਲ ਪ੍ਰਦਾਤੇ ਨਾਲ ਸੰਪਰਕ ਕਰ ਸਕਦੇ ਹਾਂ।
- ਤੁਹਾਨੂੰ ਕਲੀਨਿਕਲ ਸਕ੍ਰੀਨਿੰਗ ਜਾਂਚ ਲਈ ਭੇਜ ਸਕਦੇ ਹਾਂ।
- ਤੁਹਾਡੀ ਸ਼ਿਕਾਇਤ ਕਿਸੇ ਹੋਰ ਵਿਭਾਗ ਨੂੰ ਭੇਜ ਸਕਦੇ ਹਾਂ।

ਅਸੀਂ ਤੁਹਾਨੂੰ ਸਾਡੇ ਵਲੋਂ ਸ਼ਿਕਾਇਤ ਪ੍ਰਾਪਤ ਹੋਣ ਦੇ 30 ਦਿਨਾਂ ਦੇ ਅੰਦਰ ਫੈਸਲੇ ਦੇ ਨਤੀਜਿਆਂ ਅਤੇ ਕਾਰਨਾਂ ਦਾ ਸਾਰਾਂਸ਼ ਦੇਣ ਵਾਲਾ ਇੱਕ ਪੱਤਰ ਭੇਜਾਂਗੇ। ਜ਼ਿਆਦਾਤਰ ਸ਼ਿਕਾਇਤਾਂ 30 ਦਿਨਾਂ ਦੇ ਅੰਦਰ ਸੁਲਝਾਈਆਂ ਜਾਣਗੀਆਂ। ਪਰ, ਕੁਝ ਸ਼ਿਕਾਇਤਾਂ ਨੂੰ ਸੁਲਝਾਉਣ ਲਈ ਲੰਮਾ ਸਮਾਂ ਲੱਗ ਸਕਦਾ ਹੈ। ਉਦਾਹਰਨ ਲਈ, ਤੁਹਾਨੂੰ ਆਪਣੀ ਕਲੀਨਿਕਲ ਸਕ੍ਰੀਨਿੰਗ ਮੁਲਾਕਾਤ ਵਿੱਚ ਹਾਜ਼ਰ ਹੋਣ ਲਈ ਵਾਧੂ ਸਮੇਂ ਦੀ ਲੋੜ ਹੋ ਸਕਦੀ ਹੈ।

ਮੇਰੇ ਵਲੋਂ ਸ਼ਿਕਾਇਤ ਦਾਇਰ ਕਰਨ ਦੇ ਸਮੇਂ ਜੋ ਹੁੰਦਾ ਹੈ, ਉਹ ਮੈਨੂੰ ਪਸੰਦ ਨਹੀਂ ਹੈ, ਤਾਂ ਕੀ ਮੈਂ ਕੁਝ ਕਰ ਸਕਦਾ/ਸਕਦੀ ਹਾਂ?

ਜੇ ਤੁਸੀਂ ਸ਼ਿਕਾਇਤ ਸਮੀਖਿਆ ਦੇ ਫੈਸਲੇ ਦੇ ਨਾਲ ਸੰਤੁਸ਼ਟ ਨਹੀਂ ਹੁੰਦੇ ਹੋ, ਕਿਰਪਾ ਕਰਕੇ ਟੈਲੀਫ਼ੋਨ ਸੇਵਾ ਕੇਂਦਰ ਨੂੰ ਕੱਲ ਕਰੋ। ਤੁਹਾਨੂੰ ਕਿਹਾ ਜਾ ਸਕਦਾ ਹੈ ਕਿ ਤੁਸੀਂ ਡੈਂਟਲ ਪ੍ਰਦਾਤੇ ਤੋਂ ਇੱਕ ਇਲਾਜ ਅਧਿਕਾਰ-ਸੌਂਪਣੀ ਬੇਨਤੀ ਭਿਜਵਾਓ ਅਤੇ ਕੋਈ ਹੋਰ ਕਲੀਨਿਕਲ ਸਕ੍ਰੀਨਿੰਗ ਪ੍ਰਾਪਤ ਕਰੋ। ਜੇ ਤੁਸੀਂ ਹਾਲੇ ਵੀ ਅਸੰਤੁਸ਼ਟ ਰਹਿੰਦੇ ਹੋ ਤਾਂ ਤੁਸੀਂ ਰਾਜ ਦੀ ਸੁਣਵਾਈ ਲਈ ਬੇਨਤੀ ਕਰ ਸਕਦੇ ਹੋ। Medi-Cal ਰਾਜ ਦੀ ਸੁਣਵਾਈ ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ ਇੱਥੇ ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼ ਵੈੱਬਸਾਈਟ 'ਤੇ ਜਾਓ।

ਰਾਜ ਦੀ ਸੁਣਵਾਈ ਪ੍ਰਕਿਰਿਆ

ਜੇ ਤੁਹਾਡੇ ਡੈਂਟਲ ਪ੍ਰਦਾਤੇ ਦੁਆਰਾ ਬੇਨਤੀ ਕੀਤਾ ਗਿਆ ਇਲਾਜ ਅਸਵੀਕਾਰ ਕੀਤਾ ਜਾਂ ਬਦਲਿਆ ਜਾਂਦਾ ਹੈ, ਜੇ ਤੁਸੀਂ ਆਪਣੇ ਸ਼ਿਕਾਇਤ ਦੇ ਨਤੀਜੇ ਨਾਲ ਖੁਸ਼ ਨਹੀਂ ਹੋ, ਜਾਂ ਤੁਹਾਡੀ Conlan ਰੀਫੰਡ ਬੇਨਤੀ ਅਸਵੀਕਾਰ ਕੀਤੀ ਗਈ ਸੀ (**ਡੈਂਟਲ ਸੇਵਾਵਾਂ ਦੀ ਲਾਗਤ** ਖੰਡ ਦੇਖੋ), ਤਾਂ ਤੁਸੀਂ California ਦੇ ਸਮਾਜਕ ਸੇਵਾਵਾਂ ਦੇ ਵਿਭਾਗ (CDSS) ਦੁਆਰਾ ਰਾਜ ਦੀ ਸੁਣਵਾਈ ਲਈ ਬੇਨਤੀ ਕਰ ਸਕਦੇ ਹੋ। ਇਸ ਬੇਨਤੀ ਨਾਲ ਤੁਹਾਡਾ ਲੋਕਲ ਕਾਉਂਟੀ ਸ਼ੋਸਲ ਸਰਵਿਸਿਜ਼ ਆਫ਼ਿਸ ਤੁਹਾਡੀ ਸਹਾਇਤਾ ਕਰ ਸਕਦਾ ਹੈ। ਤੁਸੀਂ ਕਾਉਂਟੀ ਦਫਤਰਾਂ ਦੀ ਇੱਕ ਸੰਪੂਰਨ ਸੂਚੀ ਇੱਥੇ ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼ ਦੀ ਵੈੱਬਸਾਈਟ ਉੱਤੇ ਲੱਭ ਸਕਦੇ ਹੋ। ਇੱਕ ਰਾਜ ਦੀ ਸੁਣਵਾਈ ਲਈ ਬੇਨਤੀ ਕਰਨਾ ਡੈਂਟਲ ਸੇਵਾਵਾਂ ਲਈ ਤੁਹਾਡੀ ਯੋਗਤਾ ਨੂੰ ਪ੍ਰਭਾਵਿਤ ਨਹੀਂ ਕਰੇਗਾ। ਤੁਹਾਡੇ ਸੁਣਵਾਈ ਵਾਸਤੇ ਕਹਿਣ ਲਈ ਤੁਹਾਡੇ 'ਤੇ ਜੁਰਮਾਨਾ ਨਹੀਂ ਲਗਾਇਆ ਜਾਵੇਗਾ। ਅਸੀਂ ਪੂਰੀ ਸ਼ਿਕਾਇਤ ਪ੍ਰਕਿਰਿਆ ਦੇ ਦੌਰਾਨ ਗੁਪਤਤਾ ਬਣਾਈ ਰੱਖਾਂਗੇ।

ਤੁਸੀਂ ਰਾਜ ਦੀ ਸੁਣਵਾਈ ਵਿੱਚ ਆਪਣੀ ਨੁਮਾਇੰਦਗੀ ਕਰ ਸਕਦੇ ਹੋ। ਕੋਈ ਦੋਸਤ, ਵਕੀਲ, ਜਾਂ ਕੋਈ ਹੋਰ ਵਿਅਕਤੀ ਵੀ ਤੁਹਾਡੀ ਨੁਮਾਇੰਦਗੀ ਕਰ ਸਕਦਾ ਹੈ। ਜੇਕਰ ਤੁਸੀਂ ਚਾਹੁੰਦੇ ਹੋ ਕੀ ਤੁਹਾਡੀ ਨੁਮਾਇੰਦਗੀ ਕੋਈ ਹੋਰ ਕਰੇ ਤਾਂ ਤੁਸੀਂ ਇਸਦੀ ਵਿਵਸਥਾ ਕਰਨ ਦੇ ਜ਼ੁੰਮੇਵਾਰ ਹੁੰਦੇ ਹੋ। ਮੁਫਤ ਕਨੂੰਨੀ ਸਹਾਇਤਾ ਪ੍ਰਾਪਤ ਕਰਨ ਲਈ, 1-800-952-5253 'ਤੇ CDSS ਦੇ ਜਨਤਕ ਪੁੱਛ-ਗਿੱਛ ਅਤੇ ਪ੍ਰਤੀਕਿਰਿਆ ਯੂਨਿਟ ਨੂੰ ਕੱਲ ਕਰੋ। ਇਹ ਯੂਨਿਟ ਰਾਜ ਦੀ ਸੁਣਵਾਈ ਪ੍ਰਕਿਰਿਆ ਬਾਰੇ ਆਮ ਜਾਣਕਾਰੀ ਦੇ ਨਾਲ ਵੀ ਮਦਦ ਕਰ ਸਕਦਾ ਹੈ।

ਮੁਫ਼ਤ ਵਿੱਚ ਵਾਧੂ ਕਾਨੂੰਨੀ ਮਦਦ ਲਈ, California Department of Consumer Affairs (ਕੈਲੀਫੋਰਨੀਆ ਦੇ ਉਪਭੋਗਤਾ ਮਸਲਿਆਂ ਦੇ ਮਹਿਕਮੇ) ਨਾਲ 1-800-952-5210 ਜਾਂ TTY 1-800-326-2297 'ਤੇ ਸੰਪਰਕ ਕਰੋ। ਤੁਸੀਂ ਆਪਣੀ ਕਾਉਂਟੀ ਵਿੱਚ ਸਥਾਨਕ Legal Aid Society (ਕਾਨੂੰਨੀ ਸਹਾਇਤਾ ਸੁਸਾਇਟੀ) ਨੂੰ 1-888-804-3536 'ਤੇ ਕਾਲ ਵੀ ਕਰ ਸਕਦੇ ਹੋ।

ਮੈਂ ਇੱਕ ਰਾਜ ਦੀ ਸੁਣਵਾਈ ਲਈ ਕਦੋਂ ਪੁੱਛਦਾ/ਪੁੱਛਦੀ ਹਾਂ?

ਜੇਕਰ ਤੁਸੀਂ Medi-Cal ਡੈਂਟਲ ਐਕਸ਼ਨ ਦੇ ਤੁਹਾਨੂੰ ਪ੍ਰਾਪਤ ਹੋਏ ਨੋਟਿਸ ਨਾਲ ਅਸਹਿਮਤ ਹੁੰਦੇ ਹੋ, ਤਾਂ ਤੁਹਾਨੂੰ ਪਹਿਲਾਂ Medi-Cal ਡੈਂਟਲ ਪ੍ਰੋਗਰਾਮ ਦੁਆਰਾ ਕਵਰ ਕੀਤੀ ਗਈ ਸਰਵੋਤਮ ਦੇਖਭਾਲ ਪ੍ਰਾਪਤ ਕਰਨ ਲਈ ਆਪਣੇ ਡੈਂਟਲ ਪ੍ਰਦਾਤੇ ਨਾਲ ਵੱਖਰੇ ਇਲਾਜ ਪਲਾਨਾਂ 'ਤੇ ਚਰਚਾ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਅਤੇ ਤੁਹਾਡਾ ਡੈਂਟਲ ਪ੍ਰਦਾਤਾ ਇਸ ਨਾਲ ਸਹਿਮਤ ਹੁੰਦੇ ਹੋ ਕਿ ਇੱਕ ਵੱਖਰਾ ਇਲਾਜ ਪਲਾਨ ਇੱਕ ਵਿਕਲਪ ਨਹੀਂ ਹੈ, ਤਾਂ ਤੁਹਾਡੇ ਕੋਲ ਰਾਜ ਦੀ ਸੁਣਵਾਈ ਦੀ ਬੇਨਤੀ ਕਰਨ ਲਈ Medi-Cal ਡੈਂਟਲ ਕਾਰਵਾਈ ਸੂਚਨਾ ਦੀ ਮਿਤੀ ਤੋਂ ਬਾਅਦ 90 ਦਿਨ ਦਾ ਸਮਾਂ ਹੁੰਦਾ ਹੈ।

ਮੈਨੂੰ ਪ੍ਰਕਿਰਿਆ ਕਿਵੇਂ ਸ਼ੁਰੂ ਕਰਨੀ ਚਾਹੀਦੀ ਹੈ?

ਤੁਸੀਂ ਟੌਲ-ਫ੍ਰੀ 1-800-952-5253 'ਤੇ ਕੱਲ ਕਰਕੇ ਜਾਂ ਇੱਕ ਖਾਤਾ ਬਣਾ ਕੇ ਪ੍ਰਕਿਰਿਆ ਸ਼ੁਰੂ ਕਰ ਸਕਦੇ ਹੋ। ਤੁਸੀਂ ਇਹਨਾਂ ਨੂੰ ਸੰਪੂਰਣ ਡੈਂਟਲ ਕਾਰਵਾਈ ਸੂਚਨਾ ਦੀ ਇੱਕ ਕਾਪੀ ਭੇਜ ਸਕਦੇ ਹੋ ਜਾਂ ਲਿਖ ਸਕਦੇ ਹੋ:

California Department of Social Services State Hearings Division
P.O. Box 944243 MS 9-17-37
Sacramento, CA 94244-2430

ਜਦੋਂ ਤੁਸੀਂ ਰਾਜ ਦੀ ਸੁਣਵਾਈ ਬੇਨਤੀ ਲਈ ਕੱਲ ਕਰਦੇ ਜਾਂ ਲਿਖਦੇ ਹੋ, ਤਾਂ ਆਪਣੀ Medi-Cal ਡੈਂਟਲ ਕਾਰਵਾਈ ਸੂਚਨਾ 'ਤੇ ਸਥਿਤ ਡੌਕਯੂਮੈਂਟ ਕੰਟਰੋਲ ਨੰਬਰ (DCN) ਸ਼ਾਮਲ ਕਰਨਾ ਯਕੀਨੀ ਬਣਾਓ। DCN ਉਹਨਾਂ ਸੇਵਾਵਾਂ ਲਈ ਇਲਾਜ ਅਧਿਕਾਰ-ਸੌਂਪਣੀ ਬੇਨਤੀ ਦੀ ਪਛਾਣ ਕਰਦਾ ਹੈ ਜਿਹਨਾਂ ਨੂੰ ਨਾਮਨਜ਼ੂਰ ਕੀਤਾ ਗਿਆ ਸੀ ਅਤੇ ਇਸ ਵਿੱਚ ਤੁਹਾਡੀ ਬੇਨਤੀ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਵਿੱਚ DCN ਦੁਆਰਾ ਮਦਦ ਕਰਨਾ ਸ਼ਾਮਲ ਹੈ। ਜੇ ਤੁਸੀਂ ਰਾਜ ਦੀ ਸੁਣਵਾਈ ਲਈ ਬੇਨਤੀ ਕਰਨ ਵਾਸਤੇ ਕੱਲ ਕਰਦੇ ਹੋ ਜਾਂ ਲਿਖਦੇ ਹੋ ਕਿਉਂਕਿ ਤੁਸੀਂ ਆਪਣੇ ਸ਼ਿਕਾਇਤ ਦੇ ਮਾਮਲੇ ਦੇ ਨਤੀਜੇ ਦੇ ਨਾਲ ਅਸੰਤੁਸ਼ਟ ਹੋ, ਤਾਂ ਆਪਣੇ ਇਨਕਾਰ ਪੱਤਰ ਉੱਤੇ ਸ਼ਾਮਲ ਕੀਤੇ ਸੇਵਾ ਫਾਰਮ ਪਛਾਣ ਨੂੰ ਜ਼ਰੂਰ ਸ਼ਾਮਲ ਕਰੋ।

ਡੈਂਟਲ ਸ਼ਰਤਾਂ ਅਤੇ ਹੋਰ ਪਰਿਭਾਸ਼ਾਵਾਂ

Medi-Cal ਡੈਂਟਲ ਪ੍ਰੋਗਰਾਮ ਵਿੱਚ ਕਈ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਨ੍ਹਾਂ ਦਾ ਖਾਸ ਜਾਂ ਤਕੀਨੀਕੀ ਮਤਲਬ ਹੁੰਦਾ ਹੈ। ਕੁਝ ਡੈਂਟਲ ਸ਼ਬਦ ਜਾਣੇ-ਪਛਾਣੇ ਨਹੀਂ ਹੋ ਸਕਦੇ। ਸਾਨੂੰ ਉਮੀਦ ਹੈ ਕਿ ਤੁਹਾਡੇ ਲਈ ਅੱਗੇ ਦਿੱਤੀਆਂ ਪਰਿਭਾਸ਼ਾਵਾਂ ਲਾਹੇਵੰਦ ਹੋਣਗੀਆਂ। ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਟੈਲੀਫ਼ੋਨ ਸੇਵਾ ਕੇਂਦਰ ਨੂੰ ਕਾੱਲ ਕਰੋ।

ਸਹਾਇਤਾ ਕੋਡ: ਤੁਹਾਡੇ ਕੋਲ ਹੁੰਦੀ Medi-Cal ਕਵਰੇਜ਼ ਦੀ ਕਿਸਮ ਦਾ ਵਰਣਨ ਕਰਦਾ ਹੈ।

ਅਪੀਲ: Medi-Cal ਡੈਂਟਲ ਨੂੰ ਬੇਨਤੀ ਜਾਂ ਪ੍ਰਦਾਨ ਕੀਤੇ ਇਲਾਜ ਲਈ ਸੇਵਾਵਾਂ ਲਈ ਨਾਮਨਜ਼ੂਰ ਕੀਤੀਆਂ ਗਈਆਂ ਸੇਵਾਵਾਂ ਦੀ ਸਮੀਖਿਆ ਕਰਨ ਲਈ ਆਖਣ ਲਈ ਇੱਕ ਰਸਮੀ ਬੇਨਤੀ ਹੁੰਦੀ ਹੈ। ਇੱਕ ਅਪੀਲ ਤੁਹਾਡੇ ਡੈਂਟਲ ਪ੍ਰਦਾਤੇ, ਤੁਹਾਡੇ ਖੁਦ ਜਾਂ ਕਿਸੇ ਅਧਿਕ੍ਰਿਤ ਨੁਮਾਇੰਦੇ ਦੁਆਰਾ ਦਾਇਰ ਕੀਤੀ ਜਾ ਸਕਦੀ ਹੈ।

ਅਧਿਕਾਰ-ਸੌਂਪਣੀ: ਪੂਰਵ ਅਧਿਕਾਰ-ਸੌਂਪਣੀ ਵੇਖੋ।

ਮੈਂਬਰ: ਇੱਕ ਵਿਅਕਤੀ ਜੋ Medi-Cal ਫਾਇਦੀਆਂ ਲਈ ਯੋਗ ਹੁੰਦਾ ਹੈ।

ਫਾਇਦੀਆਂ ਦਾ ਪਛਾਣ ਕਾਰਡ (BIC): ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼ ਦੁਆਰਾ ਮੈਂਬਰਾਂ ਨੂੰ ਪ੍ਰਦਾਨ ਕੀਤਾ ਗਿਆ ਪਛਾਣ ਕਾਰਡ। BIC ਵਿੱਚ ਮੈਂਬਰ ਨੰਬਰ ਅਤੇ ਹੋਰ ਮਹੱਤਵਪੂਰਨ ਜਾਣਕਾਰੀ ਸ਼ਾਮਲ ਹੁੰਦੀ ਹੈ।

ਫਾਇਦੇ: Medi-Cal ਰਾਹੀਂ ਉਪਲਬਧ ਕਰਾਏ ਇੱਕ Medi-Cal ਡੈਂਟਲ ਪ੍ਰਦਾਤੇ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਮੈਡੀਕਲ ਤੌਰ 'ਤੇ ਜ਼ਰੂਰੀ ਸੇਵਾਵਾਂ।

ਕਲੀਨਿਕ (ਮੈਡੀਕਲ ਕਲੀਨਿਕ): ਇੱਕ ਕਲੀਨਿਕ ਅਜਿਹੀ ਸਿਹਤ ਸੁਵਿਧਾ ਹੈ ਜੋ ਮੁੱਖ ਤੌਰ 'ਤੇ ਦਾਖ਼ਲ ਨਾ ਹੋਏ ਮਰੀਜ਼ਾਂ ਦੀ ਦੇਖਭਾਲ ਉੱਤੇ ਫ਼ੋਕਸ ਕਰਦੀ ਹੈ। ਕਿਸੇ ਕਲੀਨਿਕ ਤੋਂ ਡੈਂਟਲ ਸੇਵਾਵਾਂ ਪ੍ਰਾਪਤ ਕਰਨ ਲਈ, ਕਲੀਨਿਕ ਅਤੇ ਕਲੀਨਿਕ ਪ੍ਰਦਾਤੇ Medi-Cal ਵਿੱਚ ਜ਼ਰੂਰ ਭਰਤੀ ਹੋਣੇ ਚਾਹੀਦੇ ਹਨ। ਤੁਸੀਂ *Smile, California* Find a Dentist ਪੰਨੇ ਉੱਤੇ ਆਪਣੇ ਨਜ਼ਦੀਕੀ ਭਰਤੀ ਕੀਤੇ ਡੈਂਟਲ ਕਲੀਨਿਕਾਂ ਲਈ ਖੋਜ ਕਰ ਸਕਦੇ ਹੋ। ਇਸ ਬਾਰੇ ਸਵਾਲਾਂ ਲਈ ਕਿ ਕੋਈ ਕਲੀਨਿਕ ਭਰਤੀ ਕੀਤਾ ਗਿਆ ਹੈ ਜਾਂ ਨਵੇਂ ਮਰੀਜ਼ ਸਵੀਕਾਰ ਕਰ ਰਿਹਾ ਹੈ, ਟੈਲੀਫ਼ੋਨ ਸੇਵਾ ਕੇਂਦਰ ਨੂੰ ਕਾੱਲ ਕਰੋ।

ਕਲੀਨਿਕਲ ਸਕ੍ਰੀਨਿੰਗ: ਇੱਕ ਵੱਖਰੇ Medi-Cal ਡੈਂਟਲ ਪ੍ਰਦਾਤੇ ਦੁਆਰਾ ਸੁਝਾਏ ਜਾਂ ਪ੍ਰਦਾਨ ਕੀਤੇ ਇਲਾਜ ਬਾਰੇ ਇੱਕ ਰਾਏ ਪ੍ਰਦਾਨ ਕਰਨ ਲਈ ਡੈਂਟਲ ਪ੍ਰਦਾਤੇ ਦੁਆਰਾ ਇੱਕ ਮੁਆਇਨਾ। Medi-Cal ਡੈਂਟਲ ਪ੍ਰੋਗਰਾਮ ਨੂੰ ਕੁਝ ਹਾਲਾਤਾਂ ਤਹਿਤ ਕਲੀਨਿਕਲ ਸਕ੍ਰੀਨਿੰਗ ਦੀ ਲੋੜ ਹੋ ਸਕਦੀ ਹੈ।

ਸ਼ਿਕਾਇਤ: ਕਿਸੇ ਵਿਵਾਦ, ਮੁੜ-ਵਿਚਾਰ ਕਰਨ ਲਈ ਬੇਨਤੀ, ਜਾਂ ਮੈਂਬਰ ਦੀ ਤਰਫ਼ੋਂ ਡੈਂਟਲ ਪ੍ਰਦਾਤੇ ਦੁਆਰਾ ਕੀਤੀ ਗਈ ਅਪੀਲ ਸਮੇਤ, ਅਸੰਤੁਸ਼ਟੀ ਦਾ ਜ਼ੁਬਾਨੀ ਜਾਂ ਲਿਖਤੀ ਪ੍ਰਗਟਾਵਾ।

ਸਹਿ-ਭੁਗਤਾਨ: ਮੈਂਬਰ ਦੁਆਰਾ ਭੁਗਤਾਨ ਕੀਤੀ ਜਾਣ ਵਾਲੀ ਡੈਂਟਲ ਪ੍ਰਦਾਤੇ ਦੀ ਫੀਸ ਦਾ ਇੱਕ ਛੋਟਾ ਹਿੱਸਾ।

ਕਵਰ ਕੀਤੀਆਂ ਜਾਂਦੀਆਂ ਸੇਵਾਵਾਂ: ਦੰਦਾਂ ਦੀਆਂ ਪ੍ਰਕਿਰਿਆਵਾਂ ਦਾ ਸੈੱਟ ਜੋ Medi-Cal ਦੇ ਫਾਇਦੇ ਹਨ ਅਤੇ ਯੋਗ Medi-Cal ਮੈਂਬਰਾਂ ਲਈ ਉਪਲਬਧ ਹਨ। Medi-Cal ਡੈਂਟਲ ਕਿਸੇ ਡੈਂਟਲ ਪ੍ਰਦਾਤੇ ਦੁਆਰਾ ਪ੍ਰਦਾਨ ਕੀਤੀਆਂ ਸਿਰਫ਼ ਅਜਿਹੀਆਂ ਮੈਡੀਕਲ ਤੌਰ 'ਤੇ ਲੋੜੀਂਦੀਆਂ ਸੇਵਾਵਾਂ ਲਈ ਭੁਗਤਾਨ ਕਰੇਗਾ ਜੋ Medi-Cal ਡੈਂਟਲ ਪ੍ਰੋਗਰਾਮ ਦੇ ਫਾਇਦੇ ਹੁੰਦੇ ਹਨ।

ਡੈਂਟਲ ਮਾਹਿਰ: ਇੱਕ ਪ੍ਰਦਾਤਾ ਜੋ ਦੰਦਾਂ ਦੀ ਵਿਸ਼ੇਸ਼ ਦੇਖਭਾਲ ਪ੍ਰਦਾਨ ਕਰਦਾ ਹੈ ਜਿਵੇਂ ਕਿ ਐਂਡੋਡੌਨਟਿਕਸ (ਰੂਟ ਕੈਨਾਲ), ਮੂੰਹ ਦੀ ਸਰਜਰੀ, ਬਾਲ ਦੰਤ ਚਿਕਿਤਸਾ (ਬੱਚਿਆਂ ਦੇ ਦੰਦਾਂ ਦੀ ਡਾਕਟਰੀ), ਪੀਰੀਅਡੌਨਟਿਕਸ (ਦੰਦਾਂ ਦੇ ਆਲੇ ਦੁਆਲੇ ਮਸੂੜਿਆਂ ਅਤੇ ਹੱਡੀਆਂ ਦੀ ਦੇਖਭਾਲ), ਅਤੇ ਆਰਥੋਡੋਨਟਿਕਸ (ਬ੍ਰੇਸਿਸ)।

ਸ਼ੁਰੂਆਤੀ ਅਤੇ ਮਿਆਦਿਕ ਸਕ੍ਰੀਨਿੰਗ, ਨਿਦਾਨਕ ਅਤੇ ਇਲਾਜ (EPSDT): EPSDT, Medi-Cal ਵਿੱਚ ਭਰਤੀ ਕੀਤੇ 21 ਸਾਲ ਤੋਂ ਛੋਟੇ ਬੱਚਿਆਂ ਨੂੰ ਨਿਵਾਰਕ (ਸਕ੍ਰੀਨਿੰਗ) ਦੰਦਾਂ-ਸਬੰਧੀ ਸੇਵਾਵਾਂ ਪ੍ਰਾਪਤ ਕਰਨ ਅਤੇ ਅਜਿਹੀਆਂ ਨਿਦਾਨਕ ਅਤੇ ਇਲਾਜ ਸੇਵਾਵਾਂ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦਾ ਹੈ ਜੋ ਸਿਹਤ ਸਥਿਤੀਆਂ ਨੂੰ ਠੀਕ ਕਰਨ ਜਾਂ ਸੁਧਾਰਨ ਲਈ ਮੈਡੀਕਲ ਤੌਰ 'ਤੇ ਜ਼ਰੂਰੀ ਹਨ।

ਪਾਤਰਤਾ: Medi-Cal ਫਾਇਦੇ ਪ੍ਰਾਪਤ ਕਰਨ ਲਈ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸੰਦਰਭਿਤ ਕਰਦਾ ਹੈ।

ਅਪਾਤਕਾਲੀ ਡੈਂਟਲ ਸਥਿਤੀ: ਇੱਕ ਡੈਂਟਲ ਸਥਿਤੀ ਹੈ ਜਿਸ ਵਿੱਚ ਤੁਰੰਤ ਧਿਆਨ ਨਾ ਦੇਣ ਦੇ ਨਤੀਜੇ ਵਜੋਂ ਵਿਅਕਤੀ ਦੀ ਸਿਹਤ ਖਤਰੇ ਵਿੱਚ ਪਾ ਕੇ, ਗੰਭੀਰ ਦਰਦ ਜਾਂ ਹਾਨੀਕਾਰਕ ਕਾਰਜ ਕਰਨ ਦੀ ਮੁਨਾਸਬ ਤੌਰ 'ਤੇ ਉਮੀਦ ਕੀਤੀ ਜਾ ਸਕਦੀ ਹੈ।

ਐਂਡੋਡੋਂਟਿਸਟ: ਇੱਕ ਡੈਂਟਲ ਮਾਹਿਰ ਜੋ ਬਿਮਾਰੀ ਅਤੇ ਦੰਦ ਦੀ ਨੱਸ ਅਤੇ ਜੜ੍ਹ ਦੀਆਂ ਸੱਟਾਂ ਦੇ ਇਲਾਜ ਲਈ ਆਪਣੇ ਅਭਿਆਸ ਨੂੰ ਸੀਮਿਤ ਕਰਦਾ ਹੈ।

ਪੂਰੀ ਗੁੰਜਾਇਸ਼ ਦਾ Medi-Cal: ਪੂਰੀ ਗੁੰਜਾਇਸ਼ ਦਾ Medi-Cal ਘੱਟ ਆਮਦਨੀ ਵਾਲੇ ਵਿਅਕਤੀਆਂ ਲਈ ਸਿਹਤ ਦੇਖਭਾਲ ਸੇਵਾਵਾਂ ਪ੍ਰਦਾਨ ਕਰਦਾ ਹੈ। Medi-Cal ਵਿੱਚ ਭਰਤੀ ਸਾਰੇ ਬੱਚਿਆਂ, ਫੋਸਟਰ ਕੇਅਰ ਵਿੱਚ ਬੱਚਿਆਂ ਅਤੇ 26 ਸਾਲ ਤੱਕ ਦੇ ਨੌਜਵਾਨ ਫੋਰਮਰ ਫੋਸਟਰ, ਗਰਭਵਤੀ ਔਰਤਾਂ, ਅਤੇ ਅੰਨ੍ਹੇ ਜਾਂ ਅਪੰਗ ਵਿਅਕਤੀਆਂ ਕੋਲ ਪੂਰੀ ਗੁੰਜਾਇਸ਼ ਹੁੰਦੀ ਹੈ।

ਪਛਾਣ: ਕੁਝ ਅਜਿਹਾ ਦੱਸਦੀ ਹੈ ਜੋ ਸਾਬਿਤ ਕਰਦੀ ਹੈ ਕਿ ਫੋਟੋ ਵਾਲਾ ਵਿਅਕਤੀ ਕੌਣ ਹੈ, ਜਿਵੇਂ ਕਿ ਡਰਾਈਵਰ ਲਾਇਸੰਸ।

ਸੀਮਾਵਾਂ: ਇਜਾਜ਼ਤ ਦਿੱਤੀਆਂ ਸੇਵਾਵਾਂ ਦੀ ਗਿਣਤੀ, ਇਜਾਜ਼ਤ ਦਿੱਤੀ ਸੇਵਾ ਦੀ ਕਿਸਮ, ਅਤੇ/ਜਾਂ ਸਭ ਤੋਂ ਵਾਜਬ ਸੇਵਾ ਦਾ ਸੰਦਰਭ ਦਿੰਦਾ ਹੈ।

Medi-Cal ਡੈਂਟਲ: Medi-Cal ਡੈਂਟਲ Fee-For-Service ਪ੍ਰੋਗਰਾਮ।

ਚਿਕਿਤਸਕੀ ਤੌਰ 'ਤੇ ਲੋੜੀਂਦਾ: ਕਵਰ ਕੀਤੀਆਂ ਜਾਂਦੀਆਂ ਉਹ ਸੇਵਾਵਾਂ ਜੋ ਦੰਦਾਂ, ਮਸੂੜਿਆਂ ਦੇ ਇਲਾਜ ਲਈ ਅਤੇ ਸਹਾਇਕ ਢਾਂਚਿਆਂ ਲਈ ਲੋੜੀਂਦੀਆਂ ਹੁੰਦੀਆਂ ਹਨ ਅਤੇ ਜਿਹੜੀਆਂ (ਕ) ਅਭਿਆਸ ਦੇ ਪੇਸ਼ੇਵਰ ਪ੍ਰਮਾਣਿਕਤਾ ਮਾਪਦੰਡਾਂ ਦੇ ਅਨੁਸਾਰ ਪ੍ਰਦਾਨ ਕੀਤੀਆਂ ਜਾਂਦੀਆਂ ਹਨ; (ਖ) ਦੰਦ ਦੀ ਸਥਿਤੀ ਦੇ ਅਨੁਰੂਪ ਇਲਾਜ ਕਰਨ ਵਾਲੇ ਡੈਂਟਲ ਪ੍ਰਦਾਤੇ ਦੁਆਰਾ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ; ਅਤੇ (ਗ) ਸੰਭਾਵਿਤ ਜੋਖਮਾਂ, ਫਾਇਦੀਆਂ ਅਤੇ ਕਵਰ ਕੀਤੀਆਂ ਸੇਵਾਵਾਂ ਜੋ ਵਿਕਲਪਿਕ ਹਨ ਨੂੰ ਵਿਚਾਰਦੇ ਹੋਏ ਇਹ ਉਚਿਤ ਕਿਸਮ, ਸਪਲਾਈ ਅਤੇ ਸੇਵਾ ਦਾ ਪੱਧਰ ਹਨ।

ਹੋਰ ਹੈਲਥ ਕਵਰੇਜ/ਹੋਰ ਹੈਲਥ ਬੀਮਾ: ਡੈਂਟਲ ਸੇਵਾਵਾਂ ਲਈ ਕਵਰੇਜ ਜੋ ਕਿਸੇ ਵੀ ਨਿੱਜੀ ਡੈਂਟਲ ਪਲਾਨ, ਕਿਸੇ ਵੀ ਬੀਮਾ ਪ੍ਰੋਗਰਾਮ, ਕਿਸੇ ਹੋਰ ਰਾਜ ਜਾਂ ਫੈਡਰਲ ਡੈਂਟਲ ਕੇਅਰ ਪ੍ਰੋਗਰਾਮ ਦੇ ਤਹਿਤ, ਜਾਂ ਹੋਰ ਸੰਵਿਧਾਨਕ ਜਾਂ ਕਨੂੰਨੀ ਹੱਕਦਾਰੀ ਦੇ ਤਹਿਤ ਹੋ ਸਕਦੀ ਹੈ।

ਮੂੰਹ ਦਾ ਸਰਜਨ: ਇੱਕ ਡੈਂਟਲ ਸਪੈਸ਼ਲਿਸਟ ਜੋ ਮੂੰਹ, ਜਬਾੜੇ ਅਤੇ ਚਿਹਰੇ ਦੀ ਬੀਮਾਰੀਆਂ, ਸੱਟਾਂ, ਵਿਕਾਰਾਂ, ਦੋਸ਼ਾਂ ਅਤੇ ਵਿਖਾਲੇ ਦੇ ਨਿਦਾਨ ਅਤੇ ਸਰਜੀਕਲ ਇਲਾਜ ਕਰਨ ਤਕ ਆਪਣਾ ਅਭਿਆਸ ਸੀਮਿਤ ਕਰਦਾ ਹੈ।

ਓਰਥੋਡੋਂਟਿਸਟ: ਇੱਕ ਡੈਂਟਲ ਸਪੈਸ਼ਲਿਸਟ ਜੋ ਉੱਪਰਲੇ ਅਤੇ ਹੇਠਲੇ ਦੰਦਾਂ ਨੂੰ ਇਕੱਠਿਆਂ ਫਿੱਟ ਕਰਨ ਦੇ ਤਰੀਕੇ ਦਾ ਨਿਵਾਰਨ ਅਤੇ ਇਲਾਜ ਕਰਨ ਤੱਕ ਆਪਣਾ ਅਭਿਆਸ ਸੀਮਿਤ ਕਰਦਾ ਹੈ।

ਬੱਚਿਆਂ ਦਾ ਡੈਂਟਲ ਪ੍ਰਦਾਤਾ: ਇੱਕ ਡੈਂਟਲ ਸਪੈਸ਼ਲਿਸਟ ਜੋ ਬੱਚਿਆਂ ਨੂੰ ਜਨਮ ਤੋਂ ਜਵਾਨੀ ਤੱਕ ਪ੍ਰਾਇਮਰੀ ਡੈਂਟਲ ਕੇਅਰ ਅਤੇ ਨਿਵਾਰਕ ਦੇਖਭਾਲ ਇਲਾਜ ਦੀ ਪੂਰੀ ਸੀਮਾ ਪ੍ਰਦਾਨ ਕਰਨ ਦੁਆਰਾ ਉਸ ਦੇ ਇਲਾਜ ਲਈ ਆਪਣੇ ਅਭਿਆਸ ਨੂੰ ਸੀਮਿਤ ਕਰਦਾ ਹੈ।

ਪੈਰੀਡੋਂਟਿਸਟ: ਇੱਕ ਡੈਂਟਲ ਸਪੈਸ਼ਲਿਸਟ ਜੋ ਦੰਦਾਂ ਦੇ ਨੇੜੇ-ਤੇੜੇ ਮਸੂੜਿਆਂ ਅਤੇ ਉੱਤਕਾਂ ਦੀਆਂ ਬਿਮਾਰੀਆਂ ਦੇ ਇਲਾਜ ਲਈ ਆਪਣੇ ਅਭਿਆਸ ਨੂੰ ਸੀਮਿਤ ਕਰਦਾ ਹੈ।

ਗਰਭ-ਅਵਸਥਾ ਸਬੰਧੀ: ਗਰਭ-ਅਵਸਥਾ ਨਾਲ ਸਬੰਧਿਤ ਸੇਵਾਵਾਂ ਉਸ ਦਿਨ ਤੋਂ ਉਪਲਬਧ ਹੁੰਦੀਆਂ ਹਨ ਜਦੋਂ ਗਰਭ-ਅਵਸਥਾ ਮੈਡੀਕਲ ਤੌਰ 'ਤੇ ਸਿੱਧ ਹੁੰਦੀ ਹੈ ਅਤੇ ਬੱਚੇ ਦੇ ਜਨਮ ਤੋਂ 12 ਮਹੀਨਿਆਂ ਤੱਕ (ਗਰਭ-ਅਵਸਥਾ ਤੋਂ ਬਾਅਦ) ਉਪਲਬਧ ਰਹਿੰਦੀਆਂ ਹਨ। ਸਹਾਇਤਾ ਕੋਡ ਅਤੇ/ਜਾਂ ਫਾਇਦੀਆਂ ਦੇ ਦਾਇਰੇ ਦੇ ਬਾਵਜੂਦ, ਗਰਭਵਤੀ ਔਰਤਾਂ ਕਵਰ ਕੀਤੀਆਂ ਸਾਰੀਆਂ ਡੈਂਟਲ ਪ੍ਰਕਿਰਿਆਵਾਂ ਨੂੰ ਉਦੋਂ ਤੱਕ ਪ੍ਰਾਪਤ ਕਰਨ ਦੇ ਯੋਗ ਹੁੰਦੀਆਂ ਹਨ ਜਦੋਂ ਤੱਕ ਹੋਰ ਸਭ ਪ੍ਰਕਿਰਿਆ ਜ਼ਰੂਰਤਾਂ ਅਤੇ ਮਾਪਦੰਡਾਂ ਨੂੰ ਪੂਰਾ ਕੀਤਾ ਜਾਂਦਾ ਹੈ।

ਪੂਰਵ ਅਧਿਕਾਰ-ਸੌਂਪਣੀ: ਇੱਕ ਡੈਂਟਲ ਪ੍ਰਦਾਤੇ ਦੁਆਰਾ ਸੇਵਾਵਾਂ ਦਿੱਤੇ ਜਾਣ ਤੋਂ ਪਹਿਲਾਂ ਇਹਨਾਂ ਨੂੰ ਮਨਜ਼ੂਰੀ ਦੇਣ ਦੀ ਬੇਨਤੀ। ਡੈਂਟਲ ਪ੍ਰਦਾਤਿਆਂ ਨੂੰ ਮਨਜ਼ੂਰ ਕੀਤੀਆਂ ਸੇਵਾਵਾਂ ਲਈ Medi-Cal ਡੈਂਟਲ ਤੋਂ ਅਧਿਕਾਰ-ਸੌਂਪਣੀ ਦਾ ਨੋਟਿਸ (NOA) ਪ੍ਰਾਪਤ ਹੁੰਦਾ ਹੈ। ਜੇ ਦੰਦਾਂ ਦੇ ਇਲਾਜ ਨੂੰ ਸਥਗਿਤ, ਜਾਂ ਅਸਵੀਕਾਰ ਕੀਤਾ ਜਾਂਦਾ ਹੈ, ਤਾਂ ਮੈਂਬਰ Medi-Cal ਡੈਂਟਲ ਕਾਰਵਾਈ ਸੂਚਨਾ ਪ੍ਰਾਪਤ ਕਰਦੇ ਹਨ।

ਪ੍ਰੋਸਥੋਡੋਂਟਿਸਟ: ਇੱਕ ਡੈਂਟਲ ਸਪੈਸ਼ਲਿਸਟ ਜੋ ਨਕਲੀ ਦੰਦਾਂ, ਬ੍ਰਿੱਜਾਂ ਜਾਂ ਹੋਰ ਬਦਲਾਂ ਦੇ ਨਾਲ ਲੁਪਤ ਦੰਦਾਂ ਦਾ ਪ੍ਰਤੀਸਥਾਪਨ ਕਰਨ ਲਈ ਆਪਣੇ ਅਭਿਆਸ ਨੂੰ ਸੀਮਿਤ ਕਰਦਾ ਹੈ।

ਪ੍ਰਦਾਤਾ: Medi-Cal ਮੈਂਬਰਾਂ ਨੂੰ ਮੌਖਿਕ ਸਿਹਤ ਦੇਖਭਾਲ ਪ੍ਰਦਾਨ ਕਰਨ ਲਈ Medi-Cal ਡੈਂਟਲ ਪ੍ਰੋਗਰਾਮ ਵਿੱਚ ਭਰਤੀ ਕੀਤਾ ਇੱਕ ਵਿਅਕਤੀਗਤ ਡੈਂਟਲ ਪ੍ਰਦਾਤਾ, ਵਿਕਲਪਿਕ ਅਭਿਆਸ ਵਿੱਚ ਪੰਜੀਕਿਰਤ ਕੀਤਾ ਡੈਂਟਲ ਹਾਈਜਿਨਿਸਟ, ਡੈਂਟਲ ਗਰੁੱਪ, ਡੈਂਟਲ ਸਕੂਲ ਜਾਂ ਕਲੀਨਿਕ।

ਵਿਕਲਪਿਕ ਅਭਿਆਸ ਵਿੱਚ ਪੰਜੀਕ੍ਰਿਤ ਡੈਂਟਲ ਹਾਈਜੀਨਿਸਟ (RDHAP): ਇੱਕ ਡੈਂਟਲ ਹਾਈਜੀਨਿਸਟ ਜੋ ਇੱਕ ਪ੍ਰਾਈਵੇਟ ਪ੍ਰੈਕਟਿਸ ਨੂੰ ਚਲਾਉਣ ਲਈ ਲਾਇਸੰਸਸ਼ੁਦਾ ਹੈ RDHAP ਘਰਾਂ, ਸਕੂਲਾਂ, ਰਿਹਾਇਸ਼ੀ ਸਹੂਲਤਾਂ, ਅਤੇ ਘੱਟ ਸੇਵਾ ਵਾਲੇ ਖੇਤਰਾਂ ਵਿੱਚ ਦੰਦਾਂ ਦੀ ਸਫਾਈ (ਸਫਾਈ) ਸੇਵਾਵਾਂ ਪ੍ਰਦਾਨ ਕਰਦੇ ਹਨ।

ਪ੍ਰਤੀਬੰਧਿਤ ਗੁੰਜਾਇਸ਼: ਸਿਰਫ਼ ਐਮਰਜੈਂਸੀ ਸੇਵਾਵਾਂ ਤਕ ਸੀਮਿਤ।

ਲਾਗਤ ਦਾ ਹਿੱਸਾ: ਰਕਮ ਜਿਸਦਾ ਸਿਹਤ ਜਾਂ ਦੰਦਾਂ ਲਈ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ ਜਾਂ ਭੁਗਤਾਨ ਕਰਨ ਦਾ ਵਾਇਦਾ ਕੀਤਾ ਜਾਣਾ ਚਾਹੀਦਾ ਹੈ, ਇਸ ਤੋਂ ਪਹਿਲਾਂ ਕਿ Medi-Cal ਦੰਦਾਂ ਜਾਂ ਡਾਕਟਰੀ ਸੇਵਾਵਾਂ ਲਈ ਭੁਗਤਾਨ ਕਰੇਗਾ।

ਜ਼ਰੂਰਤਾਂ: ਉਸ ਚੀਜ਼ ਨੂੰ ਸੰਦਰਭਿਤ ਕਰਦੀਆਂ ਹਨ ਜੋ ਤੁਹਾਨੂੰ ਜ਼ਰੂਰ ਕਰਨੀਆਂ ਚਾਹੀਦੀਆਂ ਹਨ ਜਾਂ ਨਿਯਮ ਜਿਹਨਾਂ ਦਾ ਤੁਹਾਨੂੰ ਪਾਲਣ ਜ਼ਰੂਰ ਕਰਨਾ ਚਾਹੀਦਾ ਹੈ।

ਜ਼ੁੰਮੇਵਾਰੀ: ਉਸ ਚੀਜ਼ ਨੂੰ ਸੰਦਰਭਿਤ ਕਰਦੀ ਹੈ ਜੋ ਤੁਹਾਨੂੰ ਕਰਨੀ ਚਾਹੀਦੀ ਹੈ, ਜਾਂ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

ਰਾਜ ਦੀ ਸੁਣਵਾਈ: ਰਾਜ ਦੀ ਸੁਣਵਾਈ ਇੱਕ ਕਾਨੂੰਨੀ ਪ੍ਰਕਿਰਿਆ ਹੈ ਜੋ ਮੈਂਬਰਾਂ ਨੂੰ ਕਿਸੇ ਵੀ ਅਸਵੀਕਾਰ ਜਾਂ ਸੰਸ਼ੋਧਿਤ ਇਲਾਜ ਅਧਿਕਾਰ-ਸੌਂਪਣੀ ਦੀ ਬੇਨਤੀ ਦਾ ਮੁੜ-ਮੁਲਾਂਕਣ ਕਰਨ ਦੀ ਇਜਾਜ਼ਤ ਦਿੰਦੀ ਹੈ। ਇਹ ਕਿਸੇ ਮੈਂਬਰ ਜਾਂ ਡੈਂਟਲ ਪ੍ਰਦਾਤੇ ਨੂੰ ਕਿਸੇ ਭਰਪਾਈ ਮਾਮਲੇ ਦਾ ਮੁੜ-ਮੁਲਾਂਕਣ ਕਰਨ ਦੀ ਆਗਿਆ ਵੀ ਦਿੰਦੀ ਹੈ।

ਇਲਾਜ ਅਧਿਕਾਰ-ਸੌਂਪਣੀ ਬੇਨਤੀ: ਇਲਾਜ ਸ਼ੁਰੂ ਹੋ ਸਕਣ ਤੋਂ ਪਹਿਲਾਂ ਕੁਝ ਕਵਰ ਕੀਤੀਆਂ ਸੇਵਾਵਾਂ ਦੀ ਮਨਜ਼ੂਰੀ ਲਈ Medi-Cal ਡੈਂਟਲ ਪ੍ਰਦਾਤੇ ਦੁਆਰਾ ਦਰਜ ਕੀਤੀ ਇੱਕ ਬੇਨਤੀ ਹੁੰਦੀ ਹੈ। ਕੁਝ ਸੇਵਾਵਾਂ ਲਈ ਅਤੇ ਖਾਸ ਸਥਿਤੀਆਂ ਦੇ ਤਹਿਤ ਇੱਕ ਇਲਾਜ ਅਧਿਕਾਰ-ਸੌਂਪਣੀ ਬੇਨਤੀ ਦੀ ਲੋੜ ਹੁੰਦੀ ਹੈ।

ਤੁਹਾਡੇ ਅਧਿਕਾਰ ਅਤੇ ਜ਼ੁੰਮੇਵਾਰੀਆਂ

Medi-Cal ਪ੍ਰੋਗਰਾਮ ਦੇ ਤਹਿਤ ਮੇਰੇ ਅਧਿਕਾਰ ਅਤੇ ਜ਼ੁੰਮੇਵਾਰੀਆਂ ਕੀ ਹਨ?

ਜਦੋਂ ਤੁਸੀਂ Medi-Cal ਲਈ ਅਪਲਾਈ ਕਰਦੇ ਹੋ, ਤਾਂ ਤੁਹਾਨੂੰ ਆਪਣੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਦੀ ਇੱਕ ਸੂਚੀ ਪ੍ਰਾਪਤ ਹੋਵੇਗੀ। ਇਸ ਵਿੱਚ ਪਤੇ, ਆਮਦਨੀ, ਜਾਂ ਜੇਕਰ ਕੋਈ ਗਰਭਵਤੀ ਹੈ ਜਾਂ ਜਨਮ ਦਿੱਤਾ ਸੀ, ਵਿੱਚ ਬਦਲਾਵਾਂ ਦੀ ਰਿਪੋਰਟ ਦੀ ਜ਼ਰੂਰਤ ਸ਼ਾਮਲ ਹੁੰਦੀ ਹੈ। ਤੁਹਾਨੂੰ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦੀ ਸਭ ਤੋਂ ਨਵੀਨ ਸੂਚੀ ਇੱਥੇ ਮਿਲ ਸਕਦੀ ਹੈ। ਤੁਹਾਨੂੰ ਡਿਪਾਰਟਮੇਂਟ ਔਫ਼ ਹੈਲਥ ਕੇਅ ਸਰਵਿਸਿਜ਼ ਦੀ ਗੈਰ-ਪੱਖਪਾਤੀ ਨੀਤੀ ਵੀ ਇੱਥੇ ਮਿਲ ਸਕਦੀ ਹੈ।

ਤੁਹਾਨੂੰ ਇਹ ਕਰਨ ਦਾ ਅਧਿਕਾਰ ਹੈ:

- ਸਨਮਾਨ ਅਤੇ ਨਿਮਰਤਾ ਨਾਲ ਵਿਹਾਰ ਕੀਤੇ ਜਾਣਾ।
- ਇੱਕ ਭਰਤੀ ਕੀਤੇ ਡੈਂਟਲ ਪ੍ਰਦਾਤਾ ਦੁਆਰਾ Medi-Cal ਡੈਂਟਲ ਪ੍ਰੋਗਰਾਮ ਦੇ ਫਾਇਦੇ ਵਜੋਂ ਪ੍ਰਾਪਤ ਕਰਨ ਲਈ ਅਜਿਹੀਆਂ ਡੈਂਟਲ ਸੇਵਾਵਾਂ ਪ੍ਰਾਪਤ ਕਰਨਾ ਜਿਸ ਲਈ ਤੁਸੀਂ ਯੋਗ ਹੋ।
- ਮੁਨਾਸਬ ਸਮੇਂ ਦੇ ਅੰਦਰ ਮੁਲਾਕਾਤਾਂ ਪ੍ਰਾਪਤ ਕਰਨਾ।
- ਢੁਕਵੇਂ ਜਾਂ ਮੈਡੀਕਲ ਤੌਰ 'ਤੇ ਜ਼ਰੂਰੀ ਇਲਾਜ ਵਿਕਲਪਾਂ ਸਮੇਤ, ਤੁਹਾਡੀਆਂ ਡੈਂਟਲ ਦੇਖਭਾਲ ਜ਼ਰੂਰਤਾਂ ਬਾਰੇ ਗੱਲਬਾਤ ਅਤੇ ਨਿਰਣਿਆਂ ਵਿੱਚ ਹਿੱਸਾ ਲੈਣਾ।
- ਤੁਹਾਡੇ ਡੈਂਟਲ ਰਿਕਾਰਡਾਂ ਨੂੰ ਗੁਪਤ ਰਖਵਾਉਣਾ। ਇਸ ਤੋਂ ਭਾਵ ਹੈ ਕਿ ਅਸੀਂ ਤੁਹਾਡੀ ਲਿਖਤੀ ਇਜਾਜ਼ਤ ਜਾਂ ਕਨੂੰਨ ਦੁਆਰਾ ਮਨਜ਼ੂਰੀ ਦਿੱਤੇ ਜਾਣ ਤੱਕ ਤੁਹਾਡੀ ਡੈਂਟਲ ਦੇਖਭਾਲ ਜਾਣਕਾਰੀ ਸਾਂਝੀ ਨਹੀਂ ਕਰਾਂਗੇ।
- ਸਾਨੂੰ Medi-Cal ਡੈਂਟਲ ਬਾਰੇ ਚਿੰਤਾਵਾਂ, ਜਾਂ ਤੁਹਾਨੂੰ ਪ੍ਰਾਪਤ ਹੋਈਆਂ ਡੈਂਟਲ ਸੇਵਾਵਾਂ ਬਾਰੇ ਦੱਸਣਾ।
- Medi-Cal ਡੈਂਟਲ, ਉਪਲਬਧ ਸੇਵਾਵਾਂ ਅਤੇ ਡੈਂਟਲ ਪ੍ਰਦਾਤਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ।
- ਆਪਣੇ ਡੈਂਟਲ ਰਿਕਾਰਡ ਵੇਖਣਾ।

- ਆਪਣੇ ਲਈ ਬਿਨਾਂ ਕਿਸੇ ਲਾਗਤ 'ਤੇ ਦੁਭਾਸ਼ੀਏ ਦੀ ਬੇਨਤੀ ਕਰਨਾ।
- ਉਹਨਾਂ ਦੁਭਾਸ਼ੀਆਂ ਦੀ ਵਰਤੋਂ ਕਰਨਾ ਜੋ ਤੁਹਾਡੇ ਪਰਿਵਾਰਕ ਮੈਂਬਰ ਜਾਂ ਮਿੱਤਰ ਨਹੀਂ ਹਨ।
- ਸ਼ਿਕਾਇਤ ਦਾਇਰ ਕਰਨਾ ਜੇਕਰ ਤੁਹਾਡੀਆਂ ਭਾਸ਼ਾਈ ਜ਼ਰੂਰਤਾਂ ਪੂਰੀਆਂ ਨਹੀਂ ਹੁੰਦੀਆਂ।

ਤੁਹਾਡੀਆਂ ਜ਼ੁੰਮੇਵਾਰੀਆਂ ਇਹ ਹਨ:

- ਆਪਣੇ ਡੈਂਟਲ ਪ੍ਰਦਾਤੇ ਅਤੇ Medi-Cal ਨੂੰ ਸਹੀ ਜਾਣਕਾਰੀ ਦੇਣਾ।
- ਆਪਣੀਆਂ ਡੈਂਟਲ ਸਮੱਸਿਆ(ਵਾਂ) ਨੂੰ ਸਮਝਣਾ ਅਤੇ ਜਿੰਨਾ ਜਲਦੀ ਹੋ ਸਕੇ ਆਪਣੇ ਡੈਂਟਲ ਪ੍ਰਦਾਤੇ ਦੇ ਨਾਲ ਇਲਾਜ ਸਬੰਧੀ ਟੀਚਿਆਂ ਨੂੰ ਵਿਕਸਿਤ ਕਰਨ ਲਈ ਹਿੱਸਾ ਲੈਣਾ।
- ਸੇਵਾਵਾਂ ਪ੍ਰਾਪਤ ਕਰਨ ਸਮੇਂ ਹਮੇਸ਼ਾ ਆਪਣਾ ਫਾਇਦੀਆਂ ਦਾ ਪਛਾਣ ਕਾਰਡ ਵਿਖਾਉਣਾ।
- ਕਿਸੇ ਡੈਂਟਲ ਸਥਿਤੀ ਬਾਰੇ ਸਵਾਲ ਪੁੱਛਣਾ ਅਤੇ ਯਕੀਨੀ ਬਣਾਉਣਾ ਕਿ ਸਪਸ਼ਟੀਕਰਨ ਅਤੇ ਨਿਰਦੇਸ਼ ਤੁਹਾਡੇ ਲਈ ਸਪਸ਼ਟ ਹਨ।
- ਡੈਂਟਲ ਮੁਲਾਕਾਤਾਂ ਰੱਖਣੀਆਂ ਅਤੇ ਪੂਰੀਆਂ ਕਰਨੀਆਂ। ਜੇਕਰ ਤੁਸੀਂ ਕੋਈ ਮੁਲਾਕਾਤ ਰੱਦ ਕਰਨੀ ਹੈ ਤਾਂ ਤੁਹਾਨੂੰ ਆਪਣੇ ਡੈਂਟਲ ਪ੍ਰਦਾਤੇ ਨੂੰ ਘੱਟੋ-ਘੱਟ 24 ਘੰਟੇ ਪਹਿਲਾਂ ਸੂਚਿਤ ਕਰਨਾ ਚਾਹੀਦਾ ਹੈ।
- ਪਤੇ, ਪਰਿਵਾਰਕ ਸਥਿਤੀ ਅਤੇ ਹੋਰ ਸਿਹਤ ਸੰਭਾਲ ਕਵਰੇਜ ਵਿੱਚ ਬਦਲਾਵਾਂ ਬਾਰੇ ਸਮੇਂ ਅਨੁਸਾਰ ਜਾਣਕਾਰੀ ਪ੍ਰਦਾਨ ਕਰਨ ਦੁਆਰਾ ਸਟੀਕ ਅਤੇ ਮੌਜੂਦਾ ਮੈਡੀਕਲ ਰਿਕਾਰਡ ਬਣਾਈ ਰੱਖਣ ਵਿੱਚ Medi-Cal ਡੈਂਟਲ ਦੀ ਮਦਦ ਕਰਨਾ।
- ਜੇ ਇੱਕ ਡੈਂਟਲ ਪ੍ਰਦਾਤਾ ਤੁਹਾਨੂੰ ਗਲਤੀ ਨਾਲ ਬਿੱਲ ਭੇਜਦਾ ਹੈ ਜਾਂ ਜੇਕਰ ਤੁਹਾਡੀ ਕੋਈ ਸ਼ਿਕਾਇਤ ਹੈ, ਤਾਂ ਇਸ ਬਾਰੇ ਜਲਦੀ ਤੋਂ ਜਲਦੀ Medi-Cal ਡੈਂਟਲ ਨੂੰ ਸੂਚਿਤ ਕਰਨਾ।
- ਸਭ Medi-Cal ਡੈਂਟਲ ਕਰਮਚਾਰੀਆਂ ਅਤੇ ਡੈਂਟਲ ਆਫ਼ਿਸਾਂ ਨਾਲ ਸਨਮਾਨਪੂਰਵਕ ਅਤੇ ਨਿਮਰਤਾ ਨਾਲ ਵਿਵਹਾਰ ਕਰਨਾ।

ਤੁਹਾਡੀ ਗੋਪਨੀਯਤਾ ਸਾਡੇ ਲਈ ਮਹੱਤਵਪੂਰਨ ਹੈ

ਇਹ ਭਾਗ ਦੱਸਦਾ ਹੈ ਕਿ ਮੈਡੀਕਲ ਜਾਣਕਾਰੀ ਨੂੰ ਕਿਵੇਂ ਵਰਤਿਆ ਅਤੇ ਇਸ ਦਾ ਖੁਲਾਸਾ ਕਿਵੇਂ ਕੀਤਾ ਜਾ ਸਕਦਾ ਹੈ, ਬਾਰੇ ਜਾਣਕਾਰੀ ਕਿਵੇਂ ਪ੍ਰਾਪਤ ਕਰਨੀ ਹੈ। ਇਹ ਇਸ ਦਾ ਵੀ ਵਰਣਨ ਕਰਦਾ ਹੈ ਕਿ ਤੁਸੀਂ ਆਪਣੀ ਜਾਣਕਾਰੀ ਤੱਕ ਕਿਵੇਂ ਪਹੁੰਚ ਸਕਦੇ ਹੋ।

ਗੋਪਨੀਯਤਾ ਅਭਿਆਸਾਂ ਦਾ ਨੋਟਿਸ

ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼ ਤੁਹਾਨੂੰ ਤੁਹਾਡੇ Medi-Cal ਸਵਾਗਤ ਪੈਕੇਟ ਦੇ ਹਿੱਸੇ ਵਜੋਂ ਗੋਪਨੀਯਤਾ ਅਭਿਆਸਾਂ ਦਾ ਨੋਟਿਸ ਭੇਜਦਾ ਹੈ। ਤੁਸੀਂ ਇੱਕ ਕਾਪੀ ਨੂੰ ਔਨਲਾਈਨ ਇੱਥੇ ਵੀ ਪ੍ਰਾਪਤ ਕਰ ਸਕਦੇ ਹੋ। ਇਹ ਨੋਟਿਸ ਤੁਹਾਡੇ ਗੋਪਨੀਯਤਾ ਅਧਿਕਾਰਾਂ ਅਤੇ ਤੁਹਾਡੀ ਸਿਹਤ ਜਾਣਕਾਰੀ ਬਾਰੇ ਪਸੰਦਾਂ ਦਾ ਵਰਣਨ ਕਰਦਾ ਹੈ।

ਮੈਂ ਕਿਵੇਂ ਵੇਖ ਸਕਦਾ/ਸਕਦੀ ਹਾਂ ਕਿ Medi-Cal ਡੈਂਟਲ ਕੋਲ ਮੇਰੇ ਬਾਰੇ ਕਿਹੜੀ ਸੁਰੱਖਿਅਤ ਸਿਹਤ ਜਾਣਕਾਰੀ ਹੈ?

ਤੁਹਾਨੂੰ ਅਜਿਹੇ ਰਿਕਾਰਡਾਂ ਵਿੱਚ ਆਪਣੀ ਸੁਰੱਖਿਅਤ ਸਿਹਤ ਜਾਣਕਾਰੀ ਵੇਖਣ ਲਈ ਬੇਨਤੀ ਕਰਨ ਦਾ ਅਧਿਕਾਰ ਹੋ ਜੋ Medi-Cal ਡੈਂਟਲ ਬਣਾਈ ਰੱਖਦਾ ਹੈ। ਤੁਹਾਨੂੰ ਇਹਨਾਂ ਰਿਕਾਰਡਾਂ ਦੀ ਕਾਪੀ ਲੈਣ ਲਈ ਬੇਨਤੀ ਕਰਨ ਦਾ ਅਧਿਕਾਰ ਵੀ ਹੈ। ਤੁਹਾਡੇ ਤੋਂ ਰਿਕਾਰਡਾਂ ਦੀ ਕਾਪੀ ਕਰਨ ਅਤੇ ਡਾਕ ਰਾਹੀਂ

ਭੇਜਣ ਦਾ ਖਰਚਾ ਵਸੂਲਿਆ ਜਾ ਸਕਦਾ ਹੈ। ਤੁਹਾਨੂੰ ਸਾਡੇ ਕੋਲ ਤੁਹਾਡੀ ਬੇਨਤੀ ਪ੍ਰਾਪਤ ਹੋਣ ਤੋਂ ਬਾਅਦ 30 ਦਿਨਾਂ ਦੇ ਅੰਦਰ ਪ੍ਰਤੀਕਿਰਿਆ ਪ੍ਰਾਪਤ ਹੋ ਜਾਵੇਗੀ।

ਤੁਹਾਨੂੰ ਸਾਨੂੰ ਆਪਣੇ California ਡ੍ਰਾਈਵਰ ਲਸੰਸ, ਮੋਟਰ ਵਾਹਨ ਪਛਾਣ ID) ਕਾਰਡ, ਜਾਂ ਕਿਸੇ ਹੋਰ ਆਈਡੀ ਦੀ ਇੱਕ ਫੋਟੋਕਾਪੀ ਭੇ ਏਗੀ ਜੋ ਤੁਹਾਡੀ ਪਛਾਣ ਨੂੰ ਸਾਬਿਤ ਕਰ ਸਕਦੀ ਹੈ। ਤੁਹਾਨੂੰ ਆਪਣੇ ਪਤੇ ਦੀ ਪੁਸ਼ਟੀ ਕਰਨ ਲਈ ਦਸਤਾਵੇਜ਼ ਪੁਸ਼ਟੀਕਰਨ ਭੇਜਣ ਦੀ ਵੀ ਲੋੜ ਹੋਵੇਗੀ।

ਤੁਸੀਂ ਇੱਥੋਂ ਨਿੱਜੀ ਸਿਹਤ ਜਾਣਕਾਰੀ ਲਈ ਬੇਨਤੀ ਕਰੋ ਫਾਰਮ ਨੂੰ ਡਾਊਨਲੋਡ ਕਰ ਸਕਦੇ ਹੋ। ਤੁਸੀਂ ਇੱਕ ਕਾਪੀ ਦੀ ਬੇਨਤੀ ਕਰਨ ਲਈ ਟੈਲੀਫ਼ੋਨ ਸੇਵਾ ਕੇਂਦਰ ਨੂੰ ਵੀ ਕਾੱਲ ਕਰ ਸਕਦੇ ਹੋ।

ਪੂਰੇ ਕੀਤੇ ਫਾਰਮ ਨੂੰ ਆਪਣੀ ਆਈਡੀ ਦੇ ਨਾਲ ਇੱਥੇ ਭੇਜੋ:

Medi-Cal Dental Program
Attn: HIPAA Privacy Contact
P.O. Box 15539
Sacramento, CA 95852-1539

ਧਿਆਨ ਦਿਓ: ਸੁਰੱਖਿਅਤ ਸਿਹਤ ਜਾਣਕਾਰੀ ਤੱਕ ਗ਼ਲਤ ਢੰਗ ਨਾਲ ਪਹੁੰਚਣ ਦੀ ਕੋਈ ਵੀ ਕੋਸ਼ਿਸ਼ ਕਨੂੰਨੀ ਜੁਰਮਾਨਿਆਂ ਦੇ ਅਧੀਨ ਹੈ।

Medi-Cal ਡੈਂਟਲ ਤੁਹਾਡੇ ਦੁਆਰਾ ਸਾਨੂੰ ਪ੍ਰਦਾਨ ਕੀਤੀ ਜਾਣ ਵਾਲੀ ਜਾਣਕਾਰੀ ਨੂੰ ਰੱਖਿਅਤ ਕਰਨ ਲਈ ਵਚਨਬੱਧ ਹੈ। ਗੈਰ-ਅਧਿਕਾਰਤ ਪਹੁੰਚ ਜਾਂ ਖੁਲਾਸੇ ਨੂੰ ਰੋਕਣ ਲਈ, ਡੇਟਾ ਸਟੀਕਤਾ ਬਣਾਈ ਰੱਖਣ ਲਈ, ਅਤੇ ਜਾਣਕਾਰੀ ਦੀ ਉਚਿਤ ਵਰਤੋਂ ਨੂੰ ਯਕੀਨੀ ਬਣਾਉਣ ਲਈ, ਸਾਡੇ ਦੁਆਰਾ ਇਕੱਤਰ ਕੀਤੀ ਗਈ ਜਾਣਕਾਰੀ ਦੀ ਸੁਰੱਖਿਆ ਲਈ Medi-Cal ਨੇ ਢੁੱਕਵੀਂਆਂ ਭੌਤਿਕ ਅਤੇ ਪ੍ਰਬੰਧਕੀ ਪ੍ਰਕਿਰਿਆਵਾਂ ਸਥਾਪਤ ਕੀਤੀਆਂ ਹਨ।